Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 247 | 16/02/2026 | www.samajweekly.com | samajweekly | @samajweekly | samajweekly

# Inida vs Paikstan T20 World Cup

## ਇਤਿਹਾਸਕ ਜਿੱਤ: ਪਾਕਿਸਤਾਨ ਨੂੰ 61 ਦੌੜਾਂ ਨਾਲ ਹਰਾ ਕੇ ਸੁਪਰ-8 'ਚ ਪਹੁੰਚੀ ਟੀਮ ਇੰਡੀਆ

**ਨਵੀਂ ਦਿਲੀ**

ਟੀ-20 ਵਰਲਡ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਵਿੱਚ ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਟੂਰਨਾਮੈਂਟ ਦੇ ਇਤਿਹਾਸ ਵਿੱਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਲਗਾਤਾਰ ਤਿੰਨ ਮੈਚ ਜਿੱਤ ਕੇ ਗਰੁੱਪ-ਏ ਦੀ ਅੰਕ ਸੂਚੀ ਵਿੱਚ ਸਿਖਰ 'ਤੇ ਪਹੁੰਚ ਗਈ ਹੈ ਅਤੇ ਸੁਪਰ-8 ਰਾਊਂਡ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ।

ਐਤਵਾਰ ਨੂੰ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ 176 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਕਹਿਰ ਅੱਗੇ ਟਿਕ ਨਾ ਸਕੀ ਅਤੇ 18 ਓਵਰਾਂ ਵਿੱਚ ਮਹਿਜ਼ 114 ਦੌੜਾਂ 'ਤੇ ਆਲਆਊਟ ਹੋ ਗਈ। ਭਾਰਤ ਦੀ ਇਸ ਜਿੱਤ ਦੀ ਨੀਂਹ ਈਸ਼ਾਨ ਕਿਸ਼ਨ ਨੇ ਰੱਖੀ, ਜਿਨ੍ਹਾਂ ਨੇ 40 ਗੇਂਦਾਂ ਵਿੱਚ 77 ਦੌੜਾਂ ਦੀ ਤੂਫਾਨੀ ਪਾਰੀ ਖੇਡੀ। ਕਪਤਾਨ ਸੂਰਿਆਕੁਮਾਰ ਯਾਦਵ ਨੇ ਵੀ 32 ਦੌੜਾਂ ਦਾ ਅਹਿਮ ਯੋਗਦਾਨ ਪਾਇਆ। ਗੇਂਦਬਾਜ਼ੀ ਵਿੱਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ, ਵਰੁਣ ਚੱਕਰਵਰਤੀ ਅਤੇ ਹਾਰਦਿਕ ਪਾਂਡਿਆ ਨੇ 2-2 ਵਿਕਟਾਂ ਝਟਕ ਕੇ




ਪਾਕਿਸਤਾਨੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਮੈਚ ਦੀ ਸ਼ੁਰੂਆਤ 'ਚ ਹੀ ਸਖ਼ਤ ਸੁਨੇਹਾ ਦਿੰਦਿਆਂ ਦੋਵਾਂ ਟੀਮਾਂ ਦੇ ਕਪਤਾਨਾਂ ਨੇ ਆਪਸ ਵਿੱਚ ਹੱਥ ਨਹੀਂ ਮਿਲਾਇਆ ਸੀ। ਇਹ ਫੈਸਲਾ ਪਹਿਲਗਾਮ ਅਤਿਵਾਦੀ ਹਮਲੇ ਦੇ ਵਿਰੋਧ ਵਿੱਚ ਲਿਆ ਗਿਆ ਸੀ।

ਮੈਚ ਤੋਂ ਪਹਿਲਾਂ ਮਸ਼ਹੂਰ ਰੈਪਰ ਹਨੂਮਾਨਕਾਈਂਡ (ਓਨੁਮਓਨਕਿਨਦ) ਨੇ ਆਪਣੀ ਪਰਫਾਰਮੈਂਸ ਨਾਲ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ, ਜਦੋਂਕਿ ਸਾਬਕਾ ਕਪਤਾਨ ਰੋਹਿਤ ਸ਼ਰਮਾ ਵੀ ਖ਼ੁਦ ਟੀਮ ਦਾ ਹੌਸਲਾ ਵਧਾਉਣ ਸਟੇਡੀਅਮ ਪਹੁੰਚੇ ਸਨ।

ਚੇਤੇ ਰਹੇ ਕਿ ਭਾਰਤ ਨੇ ਪਿਛਲੇ ਸਾਲ ਏਸ਼ੀਆ ਕੱਪ ਦੇ ਫਾਈਨਲ ਵਿੱਚ ਪਾਕਿਸਤਾਨ ਨੂੰ 5 ਵਿਕਟਾਂ ਨਾਲ ਹਰਾਇਆ ਸੀ, ਇਸਤੋਂ ਪਹਿਲਾ ਵੀ ਭਾਰਤ ਨੇ 2007 ਅਤੇ 2024 ਵਿੱਚ ਟੀ-20 ਵਿਸ਼ਵ ਕੱਪ ਜਿੱਤਿਆ ਹੈ, ਫਾਈਨਲ ਵਿੱਚ ਪਾਕਿਸਤਾਨ ਨੂੰ ਹਰਾ ਕੇ ਆਪਣਾ ਪਹਿਲਾ ਖਿਤਾਬ ਜਿੱਤਿਆ ਹੈ। ਦੂਜੇ ਪਾਸੇ, ਪਾਕਿਸਤਾਨ 2009 ਦਾ ਚੈਂਪੀਅਨ ਹੈ ਅਤੇ 2007 ਅਤੇ 2022 ਵਿੱਚ ਉਪ ਜੇਤੂ ਰਿਹਾ ਹੈ।

ਦੋਵਾਂ ਟੀਮਾਂ ਲਈ ਪਲੇਇੰਗ 11

**ਪਾਕਿਸਤਾਨ:** ਸਾਹਿਬਜ਼ਾਦਾ ਫਰਹਾਨ, ਸਾਈਮ ਅਯੂਬ, ਸਲਮਾਨ ਅਲੀ ਆਗਾ (ਕਪਤਾਨ), ਬਾਬਰ ਆਜ਼ਮ, ਉਸਮਾਨ ਖਾਨ (ਵਿਕਟਕੀਪਰ), ਸ਼ਾਦਾਬ ਖਾਨ, ਮੁਹੰਮਦ ਨਵਾਜ਼, ਫਹੀਮ ਅਸ਼ਰਫ, ਸ਼ਾਹੀਨ ਅਫਰੀਦੀ, ਉਸਮਾਨ ਤਾਰਿਕ, ਅਬਰਾਰ ਅਹਿਮਦ।

ਭਾਰਤ: ਅਭਿਸ਼ੇਕ ਸ਼ਰਮਾ, ਈਸ਼ਾਨ ਕਿਸ਼ਨ, ਤਿਲਕ ਵਰਮਾ, ਸੂਰਿਆਕੁਮਾਰ ਯਾਦਵ (ਕਪਤਾਨ), ਹਾਰਦਿਕ ਪੰਡਯਾ, ਸ਼ਿਵਮ ਦੂਬੇ, ਵਾਸ਼ਿੰਗਟਨ ਸੁੰਦਰ, ਅਕਸ਼ਰ ਪਟੇਲ, ਅਰਸ਼ਦੀਪ ਸਿੰਘ/ਕੁਲਦੀਪ ਯਾਦਵ, ਵਰੁਣ ਚੱਕਰਵਰਤੀ, ਜਸਪ੍ਰੀਤ ਬੁਮਰਾਹ।

ਵਰਲਡ ਕੱਪ ਇਤਿਹਾਸ 'ਚ ਪਾਕਿਸਤਾਨ ਵਿਰੁੱਧ ਸਭ ਤੋਂ ਵੱਡੀ ਜਿੱਤ

ਟੀ-20 ਵਰਲਡ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਵਿੱਚ ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਟੂਰਨਾਮੈਂਟ ਦੇ ਇਤਿਹਾਸ ਵਿੱਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਲਗਾਤਾਰ ਤਿੰਨ ਮੈਚ ਜਿੱਤ ਕੇ ਗਰੁੱਪ-ਏ ਦੀ ਅੰਕ ਸੂਚੀ ਵਿੱਚ ਸਿਖਰ 'ਤੇ ਪਹੁੰਚ ਗਈ ਹੈ ਅਤੇ ਸੁਪਰ-8 ਰਾਊਂਡ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ।

## ਅਰਵਿੰਦ ਖੰਨਾ ਨੇ ਭਾਜਪਾ ਨੂੰ ਅਲਵਿਦਾ ਕਹਿ 'ਸ਼੍ਰੋਮਣੀ ਅਕਾਲੀ ਦਲ' ਦਾ ਫੜਿਆ ਪੱਲਾ

### ਸੰਗਰੂਰ ਤੋਂ ਸਾਬਕਾ ਉਮੀਦਵਾਰ ਅਤੇ ਭਾਜਪਾ ਦੇ ਸੂਬਾ ਉਪ-ਪ੍ਰਧਾਨ ਰਹੇ ਖੰਨਾ ਹੁਣ Akail Dal 'ਚ ਸ਼ਾਮਲ

**ਚੰਡੀਗੜ੍ਹ।** ਉਦਯੋਗਪਤੀ ਤੋਂ ਸਿਆਸਤਦਾਨ ਬਣੇ ਅਰਵਿੰਦ ਖੰਨਾ ਨੇ ਐਤਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੱਡਾ ਝਟਕਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਸੂਤਰਾਂ ਮੁਤਾਬਕ, ਅਰਵਿੰਦ ਖੰਨਾ ਪਿਛਲੇ ਕੁਝ ਸਮੇਂ ਤੋਂ ਭਾਜਪਾ ਦੀ ਸੂਬਾ ਲੀਡਰਸ਼ਿਪ ਦੀ ਕਾਰਜਪ੍ਰਣਾਲੀ ਤੋਂ ਨਾਖੁਸ਼ ਚੱਲ ਰਹੇ ਸਨ। ਇਸੇ ਨਾਰਾਜ਼ਗੀ ਦੇ ਚਲਦਿਆਂ ਉਨ੍ਹਾਂ ਨੇ ਭਾਜਪਾ ਤੋਂ ਅਸਤੀਫਾ ਦੇ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਜ਼ਿਕਰਯੋਗ ਹੈ ਕਿ ਕਾਂਗਰਸ ਦੇ ਸਾਬਕਾ ਦਿੱਗਜ ਆਗੂ ਰਹੇ ਖੰਨਾ ਸਾਲ 2022 ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ ਅਤੇ ਪਾਰਟੀ ਨੇ ਉਨ੍ਹਾਂ



ਨੂੰ ਪੰਜਾਬ ਇਕਾਈ ਦਾ ਉਪ-ਪ੍ਰਧਾਨ ਵੀ ਨਿਯੁਕਤ ਕੀਤਾ ਸੀ। ਉਨ੍ਹਾਂ ਨੇ ਭਾਜਪਾ ਦੀ ਟਿਕਟ 'ਤੇ 2022 ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਸੰਗਰੂਰ ਹਲਕੇ ਤੋਂ ਲੜੀਆਂ ਸਨ, ਹਾਲਾਂਕਿ ਦੋਵਾਂ ਚੋਣਾਂ ਵਿੱਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

# ਸ਼ਗਨ ਤੋਂ ਪਹਿਲਾਂ ਲਾੜੀ ਫ਼ਰਾਰ, ਲਾੜਾ ਪਹੁੰਚਿਆ ਥਾਣੇ

**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਪਿੰਡ ਖਾਪੜਖੇੜੀ ਵਿਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸ਼ਗਨ ਦੀ ਰਸਮ ਤੋਂ ਸਿਰਫ਼ ਇਕ ਦਿਨ ਪਹਿਲਾਂ ਲਾੜੀ ਘਰੋਂ ਫਰਾਰ ਹੋ ਗਈ। ਇਸ ਘਟਨਾ ਤੋਂ ਬਾਅਦ ਵਿਆਹ ਦੀਆਂ ਖ਼ੁਸ਼ੀਆਂ ਗਮ ਵਿਚ ਬਦਲ ਗਈਆਂ ਅਤੇ ਲਾੜੇ ਦੇ ਪਰਵਾਰ ਨੇ ਲੜਕੀ ਵਾਲਿਆਂ ਵਿਰੁਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਜਾਣਕਾਰੀ ਮੁਤਾਬਕ, ਖਾਪੜਖੇੜੀ ਦੇ ਰਹਿਣ ਵਾਲੇ 31 ਸਾਲਾ ਨੌਜਵਾਨ ਦਾ ਵਿਆਹ ਸੁਲਤਾਨਵਿੰਡ ਰੋਡ ਸਥਿਤ ਡਰਮਾ ਵਾਲਾ ਬਾਜ਼ਾਰ ਦੀ ਰਹਿਣ ਵਾਲੀ ਇਕ ਕੁੜੀ ਨਾਲ ਤੈਅ ਹੋਇਆ ਸੀ। ਦੋਵਾਂ ਦੀ ਮੰਗਣੀ ਅੱਠ ਮਹੀਨੇ ਪਹਿਲਾਂ ਹੋਈ ਸੀ ਅਤੇ ਵਿਆਹ ਦੀ ਤਰੀਕ 15 ਫ਼ਰਵਰੀ ਤੈਅ ਕੀਤੀ ਗਈ ਸੀ। 14 ਫ਼ਰਵਰੀ ਨੂੰ ਸ਼ਗਨ ਦੀਆਂ ਰਸਮਾਂ ਹੋਣੀਆਂ ਸਨ, ਪਰ ਉਸੇ ਦਿਨ ਸਵੇਰੇ ਕਰੀਬ 5 ਵਜੇ ਲੜਕੀ ਦੇ ਪਰਵਾਰ ਨੇ ਫੋਨ ਕਰ ਕੇ



ਦਸਿਆ ਕਿ ਉਨ੍ਹਾਂ ਦੀ ਬੇਟੀ ਲਾਪਤਾ ਹੋ ਗਈ ਹੈ। ਲਾੜੇ ਦੇ ਪਰਵਾਰ ਨੇ ਦੋਸ਼ ਲਾਇਆ ਹੈ ਕਿ ਲੜਕੀ ਦਾ ਕਿਸੇ ਹੋਰ ਨੌਜਵਾਨ ਨਾਲ ਪ੍ਰੇਮ ਪ੍ਰਸੰਗ ਚੱਲ ਰਿਹਾ ਸੀ, ਜਿਸ ਕਾਰਨ ਲੜਕੀ ਵਾਲੇ ਪਿਛਲੇ ਅੱਠ ਮਹੀਨਿਆਂ ਤੋਂ ਵਿਆਹ ਟਾਲ ਰਹੇ ਸਨ। ਉਨ੍ਹਾਂ ਦਸਿਆ ਕਿ ਇਕ ਨੌਜਵਾਨ ਨੇ ਫੋਨ ਕਰ ਕੇ ਉਨ੍ਹਾਂ ਨੂੰ ਰਿਸ਼ਤਾ ਤੋੜਨ ਦੀ ਧਮਕੀ ਵੀ ਦਿਤੀ ਸੀ।

ਪੀੜਤ ਪਰਵਾਰ ਦਾ ਕਹਿਣਾ ਹੈ ਕਿ ਇਸ ਘਟਨਾ ਕਾਰਨ ਉਨ੍ਹਾਂ ਦੀ ਸਮਾਜ ਵਿਚ ਬਦਨਾਮੀ ਹੋਈ ਹੈ ਅਤੇ ਲੱਖਾਂ ਰੁਪਏ ਦਾ ਆਰਥਿਕ ਨੁਕਸਾਨ ਵੀ ਹੋਇਆ ਹੈ। ਇਸ ਸਬੰਧੀ ਪੁਲਿਸ ਚੌਂਕੀ ਖਾਸਾ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਏ. ਐੱਸ. ਆਈ. ਸਰਬਜੀਤ ਸਿੰਘ ਨੇ ਦਸਿਆ ਕਿ ਲੜਕੀ ਦੇ ਪਰਵਾਰ ਨੂੰ ਥਾਣੇ ਤਲਬ ਕੀਤਾ ਗਿਆ ਹੈ। ਦੋਵਾਂ ਧਿਰਾਂ ਦੇ ਪੱਖ ਸੁਣਨ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਅੰਮ੍ਰਿਤਸਰ ਹਵਾਈ ਅੱਡੇ 'ਤੇ ਕਰੋੜਾਂ ਦੇ ਗਾਂਜੇ ਸਣੇ 2 ਯਾਤਰੀ ਗ੍ਰਿਫ਼ਤਾਰ

**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੇ ਹੱਥ ਵੱਡੀ ਸਫ਼ਲਤਾ ਲੱਗੀ ਹੈ। ਕਸਟਮ ਵਿਭਾਗ ਨੇ ਕਰੋੜਾਂ ਦੇ ਗਾਂਜੇ ਸਣੇ 2 ਯਾਤਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸ ਦੇਈਏ ਕਿ ਕਸਟਮ ਵਿਭਾਗ ਨੇ ਦੋ ਵੱਖ-ਵੱਖ ਮਾਮਲਿਆਂ 'ਚ 3140 ਗ੍ਰਾਮ ਗਾਂਜਾ ਬਰਾਮਦ ਕੀਤਾ ਹੈ।ਦੋਵੇਂ ਯਾਤਰੀ ਬੈਂਕਾਕ ਤੋਂ ਆਏ ਸਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਹਿਲੇ ਮਾਮਲੇ 'ਚ ਥਾਈ ਲਾਇਨ ਏਅਰਲਾਈਨਜ਼ ਦੀ ਉਡਾਣ ਐੱਸਐੱਲ-214 'ਤੇ ਪਹੁੰਚਣ ਵਾਲੇ ਇਕ ਯਾਤਰੀ ਦੇ ਸਾਮਾਨ ਦੀ ਜਾਂਚ ਕੀਤੀ ਗਈ ਅਤੇ ਉਸ ਦੇ ਸਾਮਾਨ 'ਚੋਂ 1640 ਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਇਹ ਯਾਤਰੀ 12 ਫਰਵਰੀ ਨੂੰ ਹਵਾਈ ਅੱਡੇ ਤੇ ਉਤਰਿਆ ਸੀ। ਇਕ ਹੋਰ ਮਾਮਲੇ ਵਿਚ ਮਜੀਠਾ ਰੋਡ ਵਾਸੀ ਸੌਰਭ ਕੁਮਾਰ ਤੋਂ ਡੇਢ ਕਿੱਲੋ



ਹਾਈਡ੍ਰੋਪੋਨਿਕ ਗਾਂਜਾ ਬਰਾਮਦ ਕੀਤਾ ਗਿਆ ਹੈ ਅਤੇ ਇਸ ਦੀ ਕੀਮਤ ਲਗਪਗ 1.5 ਕਰੋੜ ਦੱਸੀ ਜਾ ਰਹੀ ਹੈ। ਇਹ ਉਸੇ ਥਾਈ ਲਾਇਨ ਏਅਰਲਾਈਨਜ਼ ਦੀ ਉਡਾਣ 'ਤੇ ਆਇਆ ਸੀ। ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਅਮਰੀਕਾ ਛੱਡਣ ਵਾਲੇ ਸੰਜਮ ਸਿੰਘ ਧਾਲੀਵਾਲ ਨੇ ਪੰਜਾਬ ਨੂੰ ਦੱਸਿਆ ਹਰ ਪੱਖੋਂ ਬੇਹਤਰ

**ਚੰਡੀਗੜ੍ਹ ।** ਅੱਜ ਦੇ ਸਮੇਂ ਹਰ ਨੌਜਵਾਨ ਵਿਦੇਸ਼ ਜਾਣ ਦੇ ਸੁਪਨੇ ਵੇਖ ਰਿਹਾ ਹੈ । ਪਰ ਇਸ ਦੇ ਬਿਲਕੁਲ ਉਲਟ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਪੜ੍ਹੇ ਸੰਜਮ ਸਿੰਘ ਧਾਲੀਵਾਲ ਨੇ ਅਮਰੀਕਾ ਵਰਗੇ ਦੇਸ਼ ਨੂੰ ਛੱਡ ਕੇ ਵਾਪਸ ਆਪਣੇ ਪੰਜਾਬ ਆਉਣ ਦਾ ਫੈਸਲਾ ਕੀਤਾ। ਜਦੋਂ ਉਸ ਨੂੰ ਪੁੱਛਿਆ ਕਿ ਉਸ ਨੇ ਅਮਰੀਕਾ ਵਰਗੇ ਦੇਸ਼ ਨੂੰ ਕਿਉਂ ਛੱਡ ਦਿੱਤਾ ਤਾਂ ਉਸ ਕੋਲ ਇਸ ਦਾ ਸਿਰਫ਼ ਇੱਕ ਸ਼ਬਦ ਵਿੱਚ ਜਵਾਬ ਸੀ ਭਾਈਚਾਰਕ ਸਾਂਝ । ਸੰਜਮ ਨੇ ਪੰਜਾਬ ਵਿੱਚ ਰਹਿਣ ਦੇ ਸਕੂਨ ਅਤੇ ਜੀਵਨ ਦੀ ਸਹੂਲਤ ਨੂੰ ਪੈਸੇ ਨਾਲੋਂ ਜ਼ਿਆਦਾ ਕੀਮਤੀ ਦੱਸਿਆ ਹੈ। ਉਸ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਅਮਰੀਕਾ ਅਤੇ ਭਾਰਤ ਵਿੱਚ ਕੰਮ ਕਰਨ ਦਾ ਤਰੀਕਾ ਬਿਲਕੁਲ ਵੱਖਰਾ ਹੈ। ਅਮਰੀਕਾ ਵਿੱਚ ਇੱਕ ਸਰਕਾਰੀ ਕੂੜੇ ਵਾਲੇ ਟਰੱਕ ਨੇ ਉਸ ਦੀ ਕਾਰ ਨੂੰ ਨੁਕਸਾਨ ਪਹੁੰਚਾਇਆ, ਪਰ ਨਾ ਤਾਂ ਪ੍ਰਸ਼ਾਸਨ ਨੇ ਅਤੇ ਨਾ ਹੀ ਬੀਮਾ ਕੰਪਨੀ ਨੇ ਉਸ ਦੀ ਕੋਈ ਮਦਦ ਕੀਤੀ। ਰਿਪੇਅਰ ਦੀ ਕੀਮਤ ਹਜ਼ਾਰਾਂ ਡਾਲਰ ਦੱਸੀ ਗਈ, ਜਿਸ



ਤੋਂ ਬਾਅਦ ਉਸ ਨੂੰ ਅਤੇ ਉਸ ਦੇ ਦੋਸਤਾਂ ਨੂੰ ਖ਼ੁਦ ਹੀ ਮਿਹਨਤ ਕਰਕੇ ਗੱਡੀ ਠੀਕ ਕਰਨੀ ਪਈ। ਇਸ ਦੇ ਉਲਟ ਪੰਜਾਬ ਵਿੱਚ ਜਦੋਂ ਉਸ ਦੀ ਕਾਰ ਦਾ ਕਲੱਚ ਖਰਾਬ ਹੋਇਆ ਤਾਂ ਮਕੈਨਿਕ ਨੇ ਇੱਕ ਫੋਨ 'ਤੇ ਤੁਰੰਤ ਆ ਕੇ ਉਸੇ ਦਿਨ ਗੱਡੀ ਠੀਕ ਕਰ ਦਿੱਤੀ। ਸੰਜਮ ਅਨੁਸਾਰ ਪੰਜਾਬ ਵਿੱਚ ਮਕੈਨਿਕ ਦਾ ਧਿਆਨ ਪਹਿਲਾਂ ਮਦਦ ਕਰਨ 'ਤੇ ਸੀ ਅਤੇ ਪੈਸਿਆਂ ਦੀ ਗੱਲ ਬਾਅਦ ਵਿੱਚ ਹੋਈ। ਉਸ ਨੇ ਮਹਿਸੂਸ ਕੀਤਾ ਕਿ ਜੋ ਪਿਆਰ ਅਤੇ ਸਹਿਯੋਗ ਪੰਜਾਬ ਵਿੱਚ ਮਿਲਦਾ ਹੈ, ਉਹ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਨਹੀਂ ਮਿਲ ਸਕਦਾ। ਮਜ਼ਾਕੀਆ ਲਹਿਜ਼ੇ ਵਿੱਚ ਉਸ ਨੇ 'ਅੰਮ੍ਰਿਤਸਰੀ ਕੁਲਚੇ' ਨੂੰ ਵੀ ਆਪਣੀ ਵਾਪਸੀ ਦਾ ਇੱਕ ਵੱਡਾ ਕਾਰਨ ਦੱਸਿਆ। ਸੰਜਮ ਦੀ ਇਸ ਵੀਡੀਓ ਨੇ ਇੰਟਰਨੈੱਟ 'ਤੇ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਜਿੱਥੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਮਜ਼ਦੂਰੀ ਸਸਤੀ ਹੋਣ ਕਰਕੇ ਸੇਵਾਵਾਂ ਆਸਾਨ ਹਨ, ਉੱਥੇ ਹੀ ਬਹੁਤ ਸਾਰੇ ਲੋਕਾਂ ਨੇ ਸੰਜਮ ਦੀ ਗੱਲ ਨਾਲ ਸਹਿਮਤੀ ਜਤਾਈ ਹੈ ਕਿ ਵਿਦੇਸ਼ੀ ਜੀਵਨ ਬਹੁਤ ਤਣਾਅਪੂਰਨ ਅਤੇ ਮਸ਼ੀਨੀ ਹੈ, ਜਦਕਿ ਪੰਜਾਬ ਵਿੱਚ ਅਪਣੱਤ ਅਤੇ ਭਾਈਚਾਰਾ ਅੱਜ ਵੀ ਜ਼ਿੰਦਾ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਹਿਮਾਚਲ ਪ੍ਰਦੇਸ਼ ਵਿੱਚ 200 ਮੀਟਰ ਡੂੰਘੀ ਖੱਡ ਵਿੱਚ ਡਿੱਗੀ ਗੱਡੀ, 3 ਦੋਸਤਾਂ ਦੀ ਹੋਈ ਮੌਤ

**ਹਿਮਾਚਲ।** ਹਿਮਾਚਲ ਤੋਂ ਚੜ੍ਹਦੀ ਸਵੇਰ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ, ਇਥੇ ਮੰਡੀ ਦੇ ਸਰਾਜ ਵਿੱਚ ਇੱਕ ਭਿਆਨਕ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਹੋ ਗਿਆ। ਇਹ ਹਾਦਸਾ ਸਵੇਰੇ 4 ਵਜੇ ਦੇ ਕਰੀਬ ਵਾਪਰਿਆ। ਚਾਰ ਦੋਸਤ ਇੱਕ ਗੱਡੀ ਵਿੱਚ ਘਰੋਂ ਨਿਕਲੇ ਸਨ ਅਤੇ ਬੁਨਾਲੀਧਰ ਨੇੜੇ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ। ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤੀਜੇ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਹ ਹਾਦਸਾ ਉਨ੍ਹਾਂ ਦੇ ਘਰ ਤੋਂ 24 ਕਿਲੋਮੀਟਰ ਦੂਰ ਵਾਪਰਿਆ। ਅੱਜ ਸਵੇਰੇ ਚਾਰੇ ਦੋਸਤ ਆਪਣੀ ਗੱਡੀ ੍ਰ65 5148 ਵਿੱਚ ਕਿਸੇ ਨੂੰ ਦੱਸੇ ਬਿਨਾਂ ਘਰੋਂ ਨਿਕਲੇ ਸਨ। ਉਨ੍ਹਾਂ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ, ਲੰਬਾਥਚ-ਕਲਹਾਨੀ ਸੜਕ 'ਤੇ



ਬੂਨਲੀਧਰ ਦੇ ਨੇੜੇ, ਗੱਡੀ ਕੰਟਰੋਲ ਤੋਂ ਬਾਹਰ ਹੋ ਗਈ ਅਤੇ 200 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ। ਗੱਡੀ ਦੇ ਡਿੱਗਣ ਦੀ ਆਵਾਜ਼ ਸੁਣ ਕੇ ਨੇੜਲੇ ਇਲਾਕੇ ਦੇ ਲੋਕ ਮੌਕੇ 'ਤੇ ਪਹੁੰਚੇ ਅਤੇ ਦੇਖਿਆ ਕਿ ਦੋ ਨੌਜਵਾਨ ਗੱਡੀ ਦੇ ਬਾਹਰ ਪਏ ਸਨ ਅਤੇ ਦੋ ਅੰਦਰ। ਇਨ੍ਹਾਂ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰ ਨੇ ਦੋ ਨੌਜਵਾਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਇਕ ਦੀ ਇਲਾਜ ਦੌਰਾਨ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# 10 ਮਹੀਨਿਆਂ ਦੀ ਮਾਸੂਮ ਏਲਿਨ ਮੌਤ ਤੋਂ ਬਾਅਦ ਵੀ ਰਹੇਗੀ ਜਿਊਂਦੀ



**ਕੇਰਲ ।** ਕੁਝ ਲੋਕ ਮਰਦੇ-ਮਰਦੇ ਹੋਏ ਵੀ ਅਜਿਹਾ ਕੁੱਝ ਕਰ ਜਾਂਦੇ ਹਨ ਅਤੇ ਉਹ ਮੌਤ ਤੋਂ ਬਾਅਦ ਵੀ ਜਿਊਂਦੇ ਰਹਿੰਦੇ ਹਨ। ਅਜਿਹਾ ਕੁੱਝ ਹੀ ਕਰ ਗਈ ਕੇਰਲ ਦੀ 10 ਮਹੀਨਿਆਂ ਦੀ ਮਾਸੂਮ ਏਲਿਨ ਸ਼ੇਰਿਨ ਅਬ੍ਰਾਹਮ ਅਤੇ ਉਸ ਨੇ 5 ਲੋਕਾਂ ਦੀ ਜਾਨ ਬਚਾਈ । ਏਲਿਨ ਨੂੰ ਦਿਮਾਗੀ ਤੌਰ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸਦੇ ਮਾਪਿਆਂ ਨੇ ਉਸ ਦੇ ਅੰਗ ਦਾਨ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੇ ਇਸ ਫੈਸਲੇ ਨਾਲ ਏਲਿਨ ਸ਼ੇਰਿਨ ਅਬ੍ਰਾਹਮ ਕੇਰਲ ਦੀ ਸਭ ਤੋਂ ਛੋਟੀ ਉਮਰ ਦਾ ਅੰਗ ਦਾਨੀ ਬਣ ਗਈ । ਏਲਿਨ ਦਾ ਜਿਗਰ, ਦੋ ਗੁਰਦੇ, ਦਿਲ ਦੇ ਵਾਲਵ ਅਤੇ ਕੌਰਨੀਆ ਦਾਨ ਕੀਤੇ ਗਏ ਸਨ। ਇਲਾਜ ਅਧੀਨ ਛੇ ਮਹੀਨੇ ਦੇ ਇੱਕ ਲੜਕੇ ਨੂੰ ਜਿਗਰ ਮਿਲਿਆ, ਜਿਸ ਨਾਲ ਉਹ ਮਰਨ ਉਪਰੰਤ ਜਿਗਰ ਟ੍ਰਾਂਸਪਲਾਂਟ ਕਰਵਾਉਣ ਵਾਲਾ ਰਾਜ ਦਾ ਸਭ ਤੋਂ ਛੋਟਾ ਬੱਚਾ ਬਣ ਗਿਆ। ਗੁਰਦੇ ਇੱਕ ਹੋਰ ਬੱਚੇ ਨੂੰ ਦਿੱਤੇ ਗਏ, ਜਦਕਿ ਦਿਲ ਦੇ ਵਾਲਵ ਅਤੇ ਕੌਰਨੀਆ ਵੀ ਲੋੜਵੰਦ ਮਰੀਜ਼ਾਂ ਨੂੰ ਟ੍ਰਾਂਸਪਲਾਂਟ ਕੀਤੇ ਗਏ। ਇਸ ਤੋਂ ਬਾਅਦ ਸਿਹਤ ਮੰਤਰੀ ਵੀਨਾ ਜਾਰਜ ਨੇ ਦੁਖੀ ਮਾਪਿਆਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਫੈਸਲੇ ਨਾਲ ਬਹੁਤ ਸਾਰੀਆਂ ਜਾਨਾਂ ਬਚਾਉਣ ਵਿੱਚ ਮਦਦ ਮਿਲੇਗੀ। ਏਲਿਨ ਦੀ ਮੌਤ ਇੱਕ ਸੜਕ ਹਾਦਸੇ ਵਿੱਚ ਹੋ ਗਈ ਸੀ। ਜ਼ਿਕਰਯੋਗ ਹੈ ਕਿ 5 ਫਰਵਰੀ ਨੂੰ ਪਠਾਨਮਥਿੱਟਾ ਜ਼ਿਲ੍ਹੇ ਦੇ ਪੱਲਮ ਬੋਰਮਾ ਜੰਕਸ਼ਨ 'ਤੇ ਇੱਕ ਸੜਕ ਹਾਦਸੇ ਵਿੱਚ ਏਲਿਨ ਦੀ ਮੌਤ ਹੋ ਗਈ ਸੀ, ਜਿੱਥੇ ਇੱਕ ਕਾਰ ਉਸ ਦੀ ਗੱਡੀ ਨਾਲ ਟਕਰਾ ਗਈ ਸੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਈ ਸੀ ਅਤੇ ਉਸਦੀ ਮਾਂ ਅਤੇ ਦਾਦਾ-ਦਾਦੀ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਚੰਗਨਾਸੇਰੀ ਅਤੇ ਤਿਰੂਵੱਲਾ ਵਿੱਚ ਸ਼ੁਰੂਆਤੀ ਇਲਾਜ ਤੋਂ ਬਾਅਦ, ਲੜਕੀ ਨੂੰ ਕੋਚੀ ਲਿਜਾਇਆ ਗਿਆ, ਜਿੱਥੇ 13 ਫਰਵਰੀ ਨੂੰ ਉਸ ਨੂੰ ਦਿਮਾਗੀ ਤੌਰ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਸੀ।

# ਪੰਜਾਬ ਚੰਡੀਗੜ੍ਹ ਵਿਚ ਅੱਜ ਚੱਲਣਗੀਆਂ ਠੰਢੀਆਂ ਹਵਾਵਾਂ, 17 ਫ਼ਰਵਰੀ ਨੂੰ ਮੀਂਹ ਪੈਣ ਦੀ ਸੰਭਾਵਨਾ

**ਨੰਗਲ।** ਅੱਜ ਸ਼ਿਵਰਾਤਰੀ ਦੇ ਮੌਕੇ 'ਤੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਪੂਰੀ ਤਰ੍ਹਾਂ ਸਾਫ਼ ਰਹੇਗਾ। ਪਹਾੜਾਂ ਤੋਂ ਚੱਲ ਰਹੀਆਂ ਬਰਫੀਲੀਆਂ ਹਵਾਵਾਂ ਥੋੜ੍ਹੀਆਂ ਕਮਜ਼ੋਰ ਹੋ ਜਾਣਗੀਆਂ, ਜਿਸ ਨਾਲ ਤਾਪਮਾਨ ਵਿੱਚ ਆ ਰਹੀ ਗਿਰਾਵਟ ਰੁਕ ਜਾਵੇਗੀ। ਇਸ ਦੇ ਨਾਲ ਹੀ ਠੰਢ ਹੁਣ ਘਟਨੀ ਸ਼ੁਰੂ ਹੋ ਜਾਵੇਗੀ। ਹਾਲਾਂਕਿ, ਕੱਲ੍ਹ ਰਾਤ ਤੋਂ ਮੌਸਮ ਬਦਲ ਜਾਵੇਗਾ। ਅਗਲੇ ਦੋ ਦਿਨਾਂ ਤੱਕ ਮੀਂਹ ਪੈਣ ਦੀ ਉਮੀਦ ਹੈ। ਰਾਜ ਦਾ ਵੱਧ ਤੋਂ ਵੱਧ ਤਾਪਮਾਨ ਪਿਛਲੇ 24 ਘੰਟਿਆਂ ਦੌਰਾਨ ਸਥਿਰ ਰਿਹਾ, ਜੋ ਕਿ ਆਮ ਨਾਲੋਂ 3.8 ਡਿਗਰੀ ਵੱਧ ਹੈ। ਨੰਗਲ ਡੈਮ 'ਤੇ ਸਭ ਤੋਂ ਵੱਧ ਤਾਪਮਾਨ 26.4 ਡਿਗਰੀ ਦਰਜ ਕੀਤਾ ਗਿਆ। 16 ਫਰਵਰੀ, 2026 ਤੋਂ ਇੱਕ ਤਾਜ਼ਾ ਪੱਛਮੀ ਗੜਬੜੀ ਦੇ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ। ਨਤੀਜੇ ਵਜੋਂ, ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ 17 ਅਤੇ 18 ਤਰੀਕ ਨੂੰ ਬਹੁਤ ਹਲਕੀ ਬਾਰਿਸ਼ ਹੋ ਸਕਦੀ ਹੈ। ਇਨ੍ਹਾਂ ਇਲਾਕਿਆਂ ਵਿੱਚ ਫ਼ਰੀਦਕੋਟ, ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਪਟਿਆਲਾ, ਲੁਧਿਆਣਾ ਅਤੇ ਮੋਗਾ ਸ਼ਾਮਲ ਹਨ। ਇਨ੍ਹਾਂ ਇਲਾਕਿਆਂ ਵਿੱਚ ਹਲਕੀ ਬਾਰਿਸ਼ ਸੰਭਵ ਹੈ।

# ਪੰਜਾਬੀ ਗਾਇਕ ਪਰਮੀਸ਼ ਵਰਮਾ ਪ੍ਰਸ਼ੰਸਕਾਂ ਨਾਲ ਭਿੜੇ

**ਦਿੱਲੀ।** ਪੰਜਾਬੀ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰ ਗਏ ਹਨ। ਦਿੱਲੀ ਵਿੱਚ ਇੱਕ ਲਾਈਵ ਸ਼ੋਅ ਦੌਰਾਨ ਉਨ੍ਹਾਂ ਦੀ ਇੱਕ ਪ੍ਰਸ਼ੰਸਕ ਨਾਲ ਝੜਪ ਹੋ ਗਈ। ਉਨ੍ਹਾਂ ਨੇ ਅਚਾਨਕ ਗਾਉਣਾ ਬੰਦ ਕਰ ਦਿੱਤਾ ਅਤੇ ਸਟੇਜ ਤੋਂ ਉਨ੍ਹਾਂ ਨੂੰ ਥੱਪੜ ਦਿਖਾਉਣਾ ਸ਼ੁਰੂ ਕਰ ਦਿੱਤਾ। ਬਹਿਸ ਵੱਧ ਗਈ, ਜਿਸ ਕਾਰਨ ਪੁਲਿਸ ਅਤੇ ਪਰਮੀਸ਼ ਵਰਮਾ ਦੇ ਨਿੱਜੀ ਸੁਰੱਖਿਆ ਗਾਰਡ ਨੂੰ ਦਖਲ ਦੇਣਾ ਪਿਆ। ਪਰਮੀਸ਼ ਵਰਮਾ ਦੀ ਬਹਿਸ ਦਾ ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵਾਇਰਲ ਵੀਡੀਓ ਵਿੱਚ, ਪਰਮੀਸ਼ ਵਰਮਾ ਬਹਿਸ ਕਰਦੇ ਦਿਖਾਈ ਦੇ ਰਹੇ ਹਨ, ਪਰ ਉਨ੍ਹਾਂ ਦੀ ਆਵਾਜ਼ ਸਪੱਸ਼ਟ ਨਹੀਂ ਹੈ। ਵਰਮਾ ਅਤੇ ਪ੍ਰਸ਼ੰਸਕ ਵਿਚਕਾਰ ਗੱਲਬਾਤ ਇੱਕ ਮਿੰਟ ਤੋਂ ਵੱਧ ਸਮੇਂ ਤੱਕ ਚੱਲੀ। ਪਰਮੀਸ਼



ਵਰਮਾ ਗਾਉਣ ਲਈ ਛਤਰਸਾਲ ਸਟੇਡੀਅਮ ਪਹੁੰਚੇ: ਗਾਇਕ ਪਰਮੀਸ਼ ਵਰਮਾ 13 ਫਰਵਰੀ ਦੀ ਸ਼ਾਮ ਨੂੰ ਦਿੱਲੀ ਦੇ ਛਤਰਸਾਲ ਸਟੇਡੀਅਮ ਵਿੱਚ 'ਦਿੱਲੀ ਖੇਡ ਮਹਾਂਕੁੰਭ' ਦੇ ਉਦਘਾਟਨ ਸਮਾਰੋਹ ਵਿੱਚ ਲਾਈਵ ਪ੍ਰਦਰਸ਼ਨ ਕਰ ਰਹੇ ਸਨ। ਪ੍ਰੋਗਰਾਮ ਸ਼ਾਮ 5 ਵਜੇ ਸ਼ੁਰੂ ਹੋਇਆ ਅਤੇ ਦਾਖਲਾ ਮੁਫ਼ਤ ਸੀ, ਪਰ ਰਜਿਸਟ੍ਰੇਸ਼ਨ ਲਾਜ਼ਮੀ ਸੀ। ਪ੍ਰਸ਼ੰਸਕ ਸਟੇਜ ਵੱਲ ਵਧ ਰਹੇ ਸਨ: ਪਰਮੀਸ਼ ਵਰਮਾ ਦੇ ਸ਼ੋਅ ਵਿੱਚ ਬਹੁਤ ਭੀੜ ਸੀ। ਜਦੋਂ ਪਰਮੀਸ਼ ਵਰਮਾ ਨੇ ਗਾਉਣਾ ਸ਼ੁਰੂ ਕੀਤਾ, ਤਾਂ ਪ੍ਰਸ਼ੰਸਕ ਬੈਰੀਕੇਡ ਤੋੜ ਕੇ ਸਟੇਜ ਦੇ ਨੇੜੇ ਪਹੁੰਚੇ। ਉੱਥੇ ਸੁਰੱਖਿਆ ਗਾਰਡਾਂ ਵਿਚਕਾਰ ਬਹਿਸ ਹੋ ਗਈ ਅਤੇ ਕੁਝ ਪ੍ਰਸ਼ੰਸਕਾਂ ਨੇ ਉਸ ਨਾਲ ਸੈਲਫੀ ਲੈਣ 'ਤੇ ਜ਼ੋਰ ਦਿੱਤਾ। ਪਰਮੀਸ਼ ਨੇ ਗਾਉਣਾ ਬੰਦ ਕਰ ਦਿੱਤਾ ਅਤੇ ਪ੍ਰਸ਼ੰਸਕਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ: ਜਿਵੇਂ ਹੀ ਪ੍ਰਸ਼ੰਸਕ ਸਟੇਜ ਵੱਲ ਵਧ ਰਹੇ ਸਨ, ਪਰਮੀਸ਼ ਵਰਮਾ ਨੇ ਗਾਣਾ ਬੰਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਪਿੱਛੇ ਹਟਣ ਲਈ ਕਿਹਾ। ਇਸ ਦੌਰਾਨ, ਇੱਕ ਪ੍ਰਸ਼ੰਸਕ ਨੇ ਪਰਮੀਸ਼ ਵਰਮਾ ਬਾਰੇ ਅਣਉਚਿਤ ਟਿੱਪਣੀ ਕੀਤੀ। ਪਰਮੀਸ਼ ਵਰਮਾ ਨੇ ਫਿਰ ਪ੍ਰਸ਼ੰਸਕ ਨੂੰ ਥੱਪੜ ਦਿਖਾਇਆ ਅਤੇ ਬਾਕੀਆਂ ਨੂੰ ਪਿੱਛੇ ਹਟਣ ਲਈ ਕਿਹਾ। ਪ੍ਰਸ਼ੰਸਕਾਂ ਅਤੇ ਪਰਮੀਸ਼ ਵਿਚਕਾਰ ਵਿਵਾਦ ਵਧ ਗਿਆ: ਫਿਰ ਪ੍ਰਸ਼ੰਸਕਾਂ ਅਤੇ ਪਰਮੀਸ਼ ਦੇ ਇੱਕ ਸਮੂਹ ਵਿਚਕਾਰ ਬਹਿਸ ਵਧ ਗਈ। ਪਰਮੀਸ਼ ਸਟੇਜ ਦੇ ਇੱਕ ਪਾਸੇ ਆਇਆ ਅਤੇ ਉਨ੍ਹਾਂ ਨੂੰ ਦੂਰ ਜਾਣ ਲਈ ਕਿਹਾ। ਜਦੋਂ ਪ੍ਰਸ਼ੰਸਕਾਂ ਨੇ ਇਨਕਾਰ ਕਰ ਦਿੱਤਾ, ਤਾਂ ਉਹ ਗੁੱਸੇ ਵਿੱਚ ਆ ਗਿਆ। ਸਥਿਤੀ ਨੂੰ ਵਿਗੜਦੀ ਦੇਖ ਕੇ, ਦਿੱਲੀ ਪੁਲਿਸ ਅਤੇ ਪਰਮੀਸ਼ ਦੇ ਨਿੱਜੀ ਗਾਰਡਾਂ ਨੇ ਦਖਲ ਦੇ ਕੇ ਸਥਿਤੀ ਨੂੰ ਸ਼ਾਂਤ ਕੀਤਾ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਅੱਪਰਾ ਦੇ ਦੁਰਗਾ ਮਾਤਾ ਮੰਦਿਰ ਦੇ ਬਾਹਰ ਟਿੱਕੀਆਂ, ਪਕੌੜੇ ਤੇ ਕੇਸਰ ਦੁੱਧ ਦਾ ਲੰਗਰ ਲਗਾਇਆ



**ਫਿਲੌਰ/ਅੱਪਰਾ (ਦੀਪਾ)**-ਸਥਾਨਕ ਪੁਰਾਣਾ ਬੱਸ ਅੱਡਾ ਅੱਪਰਾ ਵਿਖੇ ਸਥਿਤ ਦੁਰਗਾ ਮਾਤਾ ਮੰਦਿਰ ਦੇ ਬਾਹਰ ਸਮਾਜ ਸੇਵੀ ਨਰੇਸ਼ ਬਜਾਜ ਦੀ ਅਗਵਾਈ ਹੇਠ ਸਮੂਹ ਸੰਗਤਾਂ ਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਟਿੱਕੀਆਂ, ਪਕੌੜੇ ਤੇ ਕੇਸਰ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸੱਭ ਤੋਂ ਪਹਿਲਾਂ ਸ਼ਿਵ ਪੂਜਾ ਕੀਤੀ ਗਈ, ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਟਿੱਕੀਆਂ, ਪਕੌੜੇ ਤੇ ਕੇਸਰ ਦੁੱਧ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਤੇ ਸੇਵਾਦਾਰ ਹਾਜ਼ਰ ਸਨ।

# ਸਿੱਖਿਆ ਵਿਭਾਗ ਵੱਲੋਂ ਬੋਰਡ ਪ੍ਰੀਖਿਆ 2026 ਅੱਠਵੀਂ, ਦਸਵੀਂ , ਬਾਰਵੀਂ ਜਮਾਤਾਂ ਦੀਆਂ ਪ੍ਰੀਖਿਆ ਲਈ ਤਿਆਰੀਆਂ ਮੁਕੰਮਲ: ਜ਼ਿਲ੍ਹਾ ਸਿੱਖਿਆ ਅਫਸਰ

## ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਕੁੱਲ 81 ਪ੍ਰੀਖਿਆ ਕੇਂਦਰ ਸਥਾਪਿਤ ਕੀਤੇ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਦਸਵੀਂ ਬਾਰਵੀਂ ਜਮਾਤਾਂ ਦੀਆਂ ਸਲਾਨਾ ਪ੍ਰੀਖਿਆਵਾਂ 2026 , 17 ਫਰਵਰੀ ਤੋਂ ਸ਼ੁਰੂ ਹੋ ਰਹੀਆਂ ਹਨ ਜਿਨਾਂ ਨੂੰ ਸੁਚੱਜੇ, ਨਿਰਪੱਖ ਅਤੇ ਨਕਲ ਰਹਿਤ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੱਖਿਆ ਵਿਭਾਗ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ਼੍ਰੀ ਯਾਦਵਿੰਦਰ ਸਿੰਘ ਮਾਨ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ੍ਰੀ ਰਾਜਿੰਦਰ ਕੁਮਾਰ ਸੋਨੀ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਜਿਲ੍ਹੇ ਵਿੱਚ ਕੁੱਲ 81 ਕੇਂਦਰ ਸਥਾਪਿਤ ਕੀਤੇ ਗਏ ਹਨ, ਇਸ ਦੇ ਨਾਲ 29 ਸੈਲਫ ਸੈਂਟਰ ਹਨ ਜਿੰਨ੍ਹਾਂ ਵਿੱਚ ਡੀਏ ਕੋਡ ਦੇ ਵਿਦਿਆਰਥੀ ਪ੍ਰੀਖਿਆ ਦੇਣਗੇ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕੁੱਲ 27485 ਵਿਦਿਆਰਥੀ ਪ੍ਰੀਖਿਆ ਦੇ ਰਹੇ ਹਨ ਜਿੰਨ੍ਹਾਂ ਵਿੱਚ ਅੱਠਵੀਂ ਦੇ 9420 ਵਿਦਿਆਰਥੀ ਦਸਵੀਂ ਜਮਾਤ ਦੇ 9119 ਵਿਦਿਆਰਥੀ ਅਤੇ ਬਾਰਵੀਂ ਜਮਾਤ ਦੇ 8946 ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣਗੇ। ਪ੍ਰੀਖਿਆਵਾਂ ਸਬੰਧੀ ਜ਼ਿਲ੍ਹਾ ਸਿੱਖਿਆ ਦਫਤਰ ਸੈਕੰਡਰੀ ਸ੍ਰੀ ਮੁਕਤਸਰ ਸਾਹਿਬ ਵਿਖੇ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ। ਜਿਸ ਵਿੱਚ ਹਰਮੀਤ ਸਿੰਘ ਹੈਡਮਾਸਟਰ, ਦੀਪਕ ਕੁਮਾਰ ਹਿੰਦੀ ਮਾਸਟਰ, ਸੰਜੀਵ ਕੁਮਾਰ ਕੰਪਿਊਟਰ ਟੀਚਰ, ਜੱਗੀ ਕੁਮਾਰ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ, ਤੈਨਾਤ ਕੀਤੇ ਗਏ ਹਨ। ਇਹਨਾਂ ਵੱਲੋ ਪ੍ਰੀਖਿਆ ਕੇਂਦਰਾਂ ਵਿੱਚ ਕੰਟਰੋਲਰਾਂ ਅਤੇ ਪ੍ਰੀਖਿਆ ਅਮਲੇ ਨੂੰ ਆਉਣ ਵਾਲੀਆਂ ਦਿੱਕਤਾਂ ਬਾਰੇ ਹੱਲ ਕਰਨਗੇ। ਉਨ੍ਹਾਂ ਜਸਵਿੰਦਰ ਪਾਲ ਸ਼ਰਮਾ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਉਡਨ ਦਸਤੇ ਟੀਮਾਂ ਦਾ ਗਠਨ ਕੀਤਾ ਗਿਆ ਹੈ ਜਿਸ ਵਿਚ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ ਡਾਇਟ ਪ੍ਰਿੰਸੀਪਲ ਸ਼ਾਮਿਲ ਹਨ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਪ੍ਰਿੰਸੀਪਲਜ਼ ਨੂੰ ਬਲਾਕਾਂ ਦੀ ਜੁੰਮੇਵਾਰੀ ਦਿਤੀ ਗਈ ਹੈ। ਜ਼ਿਲ੍ਹਾ ਸਿੱਖਿਆ ਅਫਸਰ ਯਾਦਵਿੰਦਰ ਸਿੰਘ ਮਾਨ ਜੀ ਨੇ ਦੱਸਿਆ ਕਿ ਸਾਰੇ ਕੇਂਦਰ ਕੰਟਰੋਲਾਂ ਨੂੰ ਬੋਰਡ ਦੀਆਂ ਹਦਾਇਤਾਂ ਅਨੁਸਾਰ ਬੈਠਕ ਪ੍ਰਬੰਧ, ਪ੍ਰਸ਼ਨ ਪੱਤਰਾਂ ਦੀ ਸੁਰੱਖਿਆ ਸੀ. ਸੀ. ਟੀ. ਵੀ ਨਿਗਰਾਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਪ੍ਰੀਖਿਆ ਕੇਂਦਰਾਂ ਤੇ ਪੀਣ ਵਾਲੇ ਪਾਣੀ, ਸਫਾਈ ਅਤੇ ਬਿਜਲੀ ਦੇ ਪ੍ਰਬੰਧ ਵੀ ਯਕੀਨੀ ਬਣਾਏ ਗਏ ਹਨ। ਸਕੂਲ ਮੁਖੀਆਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟ ਦਾ ਪ੍ਰੀਖਿਆ ਕੇਂਦਰ ਵਿੱਚ ਡਿਊਟੀ ਤੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਸਿੱਖਿਆ ਅਫਸਰ ਯਾਦਵਿੰਦਰ ਸਿੰਘ ਮਾਨ ਵੱਲੋਂ ਸਮੂਹ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ।



# ਮਹਾਂਸ਼ਿਵਰਾਤਰੀ ਦਾ ਪਾਵਨ ਤਿਉਹਾਰ ਅੱਜ ਸਥਾਨਕ ਸ਼ਹਿਰ ਅਤੇ ਇਲਾਕੇ ਵਿਚ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ







**ਰਾਏਕੋਟ, ਫਰਵਰੀ (ਗੁਰਭਿੰਦਰ ਗੁਰੀ** ਮਹਾਂਸ਼ਿਵਰਾਤਰੀ ਦਾ ਪਾਵਨ ਤਿਉਹਾਰ ਅੱਜ ਸਥਾਨਕ ਸ਼ਹਿਰ ਅਤੇ ਇਲਾਕੇ ਵਿਚ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਾਚੀਨ ਮੰਦਰ ਸਿਵਾਲਾ ਖ਼ਾਮ (ਤਲਾਬ ਵਾਲਾ) ਵਿਖੇ ਸ੍ਰੀ ਸ਼ਿਵ ਮਹਾਂਪੁਰਾਣ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਹਵਨ ਯੱਗ ਕੀਤਾ ਗਿਆ, ਜਿਸ ’ਚ ਸੰਗਤਾਂ ਵਲੋਂ ਅਹੂਤੀਆਂ ਪਾ ਕੇ ਸਰਬੱਤ ਦੇ ਭਲੇ ਲਈ ਦੀ ਕਾਮਨਾ ਕੀਤੀ ਗਈ। ਸਵੇਰੇ ਤੋਂ ਹੀ ਸ਼ਿਵਰਾਤਰੀ ਦੇ ਤਿਉਹਾਰ ਨੂੰ ਦੇਖਦੇ ਹੋਏ ਸ਼ਹਿਰ ਦੇ ਮੰਦਰਾਂ ’ਚ ਸੰਗਤਾਂ ਦਾ ਮੱਥਾ ਟੇਕਣ ਲਈ ਆਉਣਾ ਸ਼ੁਰੂ ਹੋ ਗਿਆ। ਮੰਦਰ ਸ਼ਿਵਾਲਾ ਖਾਮ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਇੰਦਰਪਾਲ ਗੋਲਡੀ ਦੀ ਅਗਵਾਈ ਹੇਠ ਮੰਦਰ ’ਚ ਕਰਵਾਏ ਗਏ ਸਮਾਗਮ ’ਚ ਹਲਕਾ ਵਿਧਾਇਕ ਠੇਕੇਦਾਰ ਹਾਕਮ ਸਿੰਘ,ਡਾ. ਬੀ.ਕੇ ਬਾਂਸਲ (ਮੈਰੀ ਗੋਲਡ), ਕਾਮਿਲ ਬੋਪਾਰਾਏ ਹਲਕਾ ਇੰਚਾਰਜ ਕਾਂਗਰਸ ਸਮੇਤ ਹੋਰ ਕਈ ਪਤਵੰਤੇ ਸੱਜਣ ਉਚੇਚੇ ਤੌਰ ’ਤੇ ਹਾਜ਼ਰ ਹੋਏ ਅਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਪਾਵਨ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ ਸ਼ਿਵਾਲਾ ਖਾਮ ਮੰਦਰ ਵਿਚ ਸਨਾਤਨ ਧਰਮ ਦਾ ਝੰਡਾ ਲਹਿਰਾਉਣ ਦੀ ਰਸਮ ਹੀਰਾ ਲਾਲ ਬਾਂਸਲ, ਪ੍ਰਦੀਪ ਜਨ ਦੀਪੀ, ਬੀ.ਕੇ.ਬਾਂਸਲ ਦੇ ਪਰਿਵਾਰ ਵਲੋਂ ਕੀਤੀ ਗਈ। ਲੰਗਰ ਦਾ ਉਦਘਾਟਨ ਸਮਾਜਸੇਵੀ ਬੀ.ਕੇ.ਬਾਂਸਲ ਵਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨ ਇੰਦਰਪਾਲ ਗੋਲਡੀ ਦੀ ਅਗਵਾਈ ਹੇਠ ਮੰਦਰ ਕਮੇਟੀ ਮੰਬਰਾਂ ਵਲੋਂ ਇਸ ਪਵਿੱਤਰ ਦਿਹਾੜੇ ਮੌਕੇ ਮੰਦਰ ’ਚ ਪੁੱਜੇ ਸਮੂਹ ਮੁੱਖ ਮਹਿਮਾਨਾਂ, ਨੂੰ ਸਨਮਾਨ ਨਿਸ਼ਾਨੀਆਂ ਭੇਟ ਕਰਕੇ ਸਨਮਾਨਿਤ ਵੀ ਕੀਤੀ ਗਿਆ। ਸ਼ਿਵਰਾਤਰੀ ਦੇ ਸਬੰਧ ’ਚ ਵੱਖ ਵੱਖ ਧਾਰਮਿਕ ਅਤੇ ਸਮਾਜਸੇਵੀ ਸੰਸਥਾਵਾਂ ਵਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ’ਤੇ ਲੰਗਰ ਆਦਿ ਵੀ ਲਗਾਏ ਗਏ ਸਨ। ਇਸ ਮੌਕੇ ਪ੍ਰਦੀਪ ਜੈਨ ਦੀਪੀ, ਰਮਨ ਚੋਪੜਾ, ਰਾਜ ਕੁਮਾਰ ਸਿੰਗਲਾ, ਮਨੋਜ ਵਰਮਾਂ, ਸਤਪਾਲ ਪ੍ਰੇਮ, ਮਦਨ ਲਾਲ ਅਗਰਵਾਲ, ਕਪਿਲ ਗਰਗ, ਪ੍ਰਧਾਨ ਸੁਦਰਸ਼ਨ ਜੋਸ਼ੀ, ਸਾਬਕਾ ਪ੍ਰਧਾਨ ਸਲਿਲ ਜੈਨ, ਮੁਕੇਸ਼ ਸ਼ਰਮਾ, ਐਸ.ਡੀ.ਓ ਕੁਲਦੀਪ ਕੁਮਾਰ ਸ਼ਰਮਾਂ, ਸੁਸ਼ੀਲ ਨਾਰੰਗ, ਭੂਸ਼ਨ ਜੈਨ, ਸਿਕੰਦਰ ਵਰਮਾਂ, ਜਗਦੀਸ਼ ਵਰਮਾਂ, ਵਿਨੋਦ ਕੁਮਾਰ ਖ਼ੁਰਮ, ਮਨੋਜ ਵਰਮਾਂ, ਰਾਜੂ ਧੀਗੜਾਂ, ਵਿਨੋਦ ਜਨ ਰਾਜੂ, ਅਨਿਲ ਅੱਗਰਵਾਲ, ਕਪਿਲ ਡੰਗ, ਕੌਂਸਲਰ ਕਮਲਜੀਤ ਵਰਮਾ, ਸੁਸ਼ੀਲ ਕੁਮਾਰ, ਰਜਿੰਦਰ ਭੰਡਾਰੀ, ਸਲਿਲ ਜੈਨ, ਈਸ਼ੂ ਪਾਸੀ, ਪੰਡਤ ਮਹਿੰਦਰ ਤ੍ਰਿਵੇਦੀ, ਸੁਸ਼ੀਲ ਨਾਰੰਗ, ਰਾਕੇਸ਼ ਰਿੰਪਾ, ਰਾਜਨ ਪਰੂਥੀ, ਦੀਪਕ ਸ਼ਰਮਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਪ ਸਰਕਾਰ ਵੱਲੋਂ ਐਸ ਸੀ ਸਮਾਜ ਅਤੇ ਸੰਵਿਧਾਨ ਦੇ ਕੀਤੇ ਅਪਮਾਨ ਵਜੋਂ ਭਗਵੰਤ ਮਾਨ ਮੰਗੇ ਮੁਆਫ਼ੀ- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ







**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਆਪ ਸਰਕਾਰ" ਇੱਕ ਐਸ ਸੀ ਸਮਾਜ ਵਿਰੋਧੀ ਅਤੇ ਸਵਿੰਧਾਨ ਵਿਰੋਧੀ ਸਰਕਾਰ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਕੀਤਾ ਗਿਆ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਗਵੰਤ ਮਾਨ ਸਿਰਫ ਸੋਸ਼ਲ ਮੀਡੀਆ ਉੱਤੇ ਝੂਠ ਦਾ ਪ੍ਰਚਾਰ ਕਰ ਲੋਕਾਂ ਦੀਆਂ ਅੱਖਾਂ ਚ ਧੂੜ ਝੋਂਕਦੀ ਆਈ ਹੈ, ਆਪ ਸਰਕਾਰ ਵੱਲੋਂ ਹਲਕਾ ਬਲਾਚੌਰ ਦੇ ਪਿੰਡ-ਗੰਹੂਣ ਵਿਖੇ ਗੰਹੂਣ ਤੋਂ ਨਿਊ ਕਲੋਨੀ ਰੱਕੜਾਂ ਬੇਟ ਤੱਕ ਬਣੀ ਸੜਕ ਉੱਤੇ ਆਪਣੀ ਮਸ਼ਹੂਰੀ ਦਾ ਬੋਰਡ ਲਗਾਇਆ ਗਿਆ, ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਸੜਕ ਪਿਛਲੀ ਸਰਕਾਰ ਕਾਂਗਰਸ ਵੇਲੇ ਬਣਾਈ ਗਈ ਸੀ। ਆਪ ਸਰਕਾਰ ਵੱਲੋਂ ਇਸ ਸੜਕ ਦੀ ਰਿਪੇਅਰ ਕਰਨ ਉਪਰੰਤ ਆਪਣਾ ਬੋਰਡ ਲਗਾਇਆ ਗਿਆ, ਹੱਦ ਉਦੋਂ ਪਾਰ ਹੋਈ ਜਦ ਇਸ ਬੋਰਡ ਉੱਤੇ ਐਸ ਸੀ ਸਮਾਜ ਨੂੰ ਜਾਤਿਸੂਚਕ ਸ਼ਬਦ ਨਾਲ ਲਿਖਦਿਆਂ ਐਸ ਸੀ ਸਮਾਜ ਅਤੇ ਸੰਵਿਧਾਨ ਦਾ ਅਪਮਾਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਇਸ ਦੇ ਵਿਰੋਧ ਵਿੱਚ ਸਾਥੀਆਂ ਸਮੇਤ ਰੋਸ ਪ੍ਰਦਰਸ਼ਨ ਕਰਦਿਆਂ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ, ਐਸ ਸੀ ਸਮਾਜ ਵਿੱਚ ਆਪ ਸਰਕਾਰ ਖਿਲਾਫ ਰੋਸ਼ ਫੁੱਟ ਪਿਆ ਅਤੇ ਉਨ੍ਹਾਂ ਸੜਕ ਉੱਤੇ ਲੱਗੇ ਬੋਰਡ ਨੂੰ ਪੁੱਟ ਸੁੱਟਿਆ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਆਪ ਸਰਕਾਰ ਲੋਕਾਂ ਉੱਤੇ ਸਿਰਫ ਧੱਕੇਸ਼ਾਹੀ ਕਰ ਝੂਠੀਆਂ ਮਸ਼ਹੂਰੀਆਂ ਫੈਲਾ ਆਪਣਾ ਉੱਲੂ ਸਿੱਧਾ ਕਰਦੀ ਹੈ ਪਰੰਤੂ ਹੁਣ ਲੋਕ ਇਨਾਂ ਦੀਆਂ ਗੱਲਾਂ ਵਿੱਚ ਨਹੀਂ ਆਉਂਣਗੇ ਅਤੇ ਭਵਿੱਖ ਵਿੱਚ ਆਪ ਸਰਕਾਰ ਨੂੰ ਚਲਦਾ ਕਰਨਗੇ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਮੋਹਨ ਲਾਲ ਮੁੱਤੋਂ ਬਲਾਕ ਪ੍ਰਧਾਨ ਬਲਾਚੌਰ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਜਿੰਦਰ ਕੁਮਾਰ ਪ੍ਰਧਾਨ ਐਸ ਸੀ ਸੈੱਲ, ਲਾਲ ਬਹਾਦੁਰ ਗਾਂਧੀ ਸਾਬਕਾ ਕੌਂਸਲਰ, ਮੋਹਿੰਦਰ ਪਾਲ ਸਾਬਕਾ ਚੇਅਰਮੈਨ, ਕੁਲਵਿੰਦਰ ਮੰਡ ਸੋਸ਼ਲ ਮੀਡੀਆ ਇੰਚਾਰਜ, ਨਾਨਕ ਸਿੰਘ ਬਾਂਠ ਬਲਾਕ ਸੰਮਤੀ ਮੈਂਬਰ, ਮੋਹਿੰਦਰ ਗੰਹੂਣ ਯੂਥ ਆਗੂ, ਤਰਲੋਚਨ ਰੱਕੜ ਮੈਂਬਰ ਬਲਾਕ ਕਮੇਟੀ ਬਲਾਚੌਰ, ਪਰਮਜੀਤ ਕੌਰ ਪੰਮੀ ਮਹਿਲਾ ਪ੍ਰਧਾਨ ਸ਼ਹਿਰੀ, ਰਿੱਕੀ ਬਜਾਜ ਸਾਬਕਾ ਕੌਂਸਲਰ, ਸੁਰਿੰਦਰ ਸ਼ਿੰਦਾ ਬੁਲਾਰਾ ਡੀਸੀਸੀ, ਸੋਮਨਾਥ ਤੱਕਲਾ ਸੀਨੀਅਰ ਪ੍ਰਧਾਨ ਬਲਾਕ ਕਮੇਟੀ ਸ਼ਹਿਰੀ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਪਿਛਲੇ ਦਿਨੀਂ ਗੁਰਾਇਆ ਵਿਖੇ ਐਕਸੀਡੈਂਟ ਨਾਲ ਤਿੰਨ ਨੌਜਵਾਨਾਂ ਦੀ ਮੌਤ ਹੋਣਾ ਬਹੁਤ ਦੁਖਦਾਈ ਹੈ : ਕਰੀਮਪੁਰੀ



**ਫਿਲੌਰ( ਚਰਨਜੀਤ ਸੱਲ੍ਹਾਂ )** ਵਿਧਾਨ ਸਭਾ ਹਲਕਾ ਫਿਲੌਰ ਦੇ ਮਠੱਡਾ ਕਲਾ ਪਿੰਡ ਦੀਆਂ ਪਿਛਲੇ ਦਿਨੀ ਗੁਰਾਇਆ ਵਿਖੇ ਐਕਸੀਡੈਂਟ ਦੌਰਾਨ ਹੋਈਆਂ ਤਿੰਨ ਮੌਤਾਂ ਦਾ ਤਿੰਨੇ ਪਰਿਵਾਰਾਂ ਕੋਲ ਪਹੁੰਚ ਕੇ ਦੁੱਖ ਸਾਂਝਾ ਕੀਤਾ, ਇਸ ਔਖੇ ਘੜੀ ਬਸਪਾ ਪੰਜਾਬ ਪੀੜਿਤ ਪਰਿਵਾਰਾਂ ਦੇ ਨਾਲ ਅਵਤਾਰ ਸਿੰਘ-ਕਰੀਮਪੁਰੀ ।ਇਸ ਮੌਕੇ ਸਟੇਟ ਜੋਨ ਕੁਆਰਡੀਨੇਟਰ ਤੀਰਥ ਰਾਜਪੁਰਾ, ਐਡਵੋਕੇਟ ਬਲਵਿੰਦਰ ਕੁਮਾਰ ਸਟੇਟ ਜਨਰਲ ਸੈਕਟਰੀ ਜਲੰਧਰ ਜੋਨ ਦੇ ਇੰਚਾਰਜ, ਸ੍ਰੀ ਲਾਲ ਚੰਦ ਔਜਲਾ ਸਟੇਟ ਜਨਲ ਸੈਕਟਰੀ ਫਲੋਰ ਵਿਧਾਨ ਸਭਾ ਦੇ ਇੰਚਾਰਜ, ਜ਼ਿਲ੍ਹਾ ਕੋਆਰਡੀਨੇਟਰ ਫਲੋਰ ਵਿਧਾਨ ਸਭਾ ਦੇ ਇੰਚਾਰਜ ਖੁਸ਼ੀ ਰਾਮ, ਮਹਿੰਦਰ ਸਿੰਘ ਤੇਹੰਗ ਫਿਲੌਰ ਵਿਧਾਨ ਸਭਾ ਦੇ ਕੋਆਰਡੀਨੇਟਰ, ਜਿਲਾ ਆ ਪਰਿਸ਼ਦ ਮੈਂਬਰ ਠੇਕੇਦਾਰ ਮਨਜੀਤ ਜੀਤੀ ਅਪਰਾ, ਸਰਪੰਚ ਵਿਨਓ ਕੁਮਾਰ ਅਪਰਾ, ਕਮਲ ਮਹਿਮੀ ਬਲਾਕ ਸੰਮਤੀ ਮੈਂਬਰ, ਸਰਪੰਚ ਕਾਂਤੀ ਮੋਹਨ ਤੋਂ ਇਲਾਵਾ ਪਾਰਟੀ ਦੀ ਹੋਰ ਜਿੰਮੇਵਾਰੀ ਲੀਡਰਸ਼ਿਪ ਅਤੇ ਪਿੰਡ ਵਾਸੀ ਮੌਜੂਦ ਸਨ ਇਸ ਮੌਕੇ ਡਾਕਟਰ ਕਰੀਮਪੁਰੀ ਨੇ ਕਿਹਾ ਕਿ ਨੈਸ਼ਨਲ ਹਾਈਵੇ ਦੇ ਵਿੱਚ ਖੱਡੇ ਪਏ ਹੋਏ ਹਨ ਟੋਲ ਦੇਣ ਦੇ ਬਾਵਜੂਦ ਨੈਸ਼ਨਲ ਹਾਈਵੇ ਦੀ ਹਾਲਤ ਤਰਸਯੋਗ ਹੈ। ਸੜਕ ਚ ਪਏ ਖੱਡੇ ਦੁਰਘਟਨਾ ਦੇ ਕਾਰਨ ਬਣ ਰਹੇ ਹਨ,ਪ੍ਰਸ਼ਾਸਨ ਨੂੰ ਇਸ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ, ਪੰਜਾਬ ਸੰਭਾਲੋ ਮੁਹਮ ਰੋਡ ਸੇਫਟੀ ਪ੍ਰੋਗਰਾਮ ਤੇ ਬੜਾ ਪ੍ਰੋਗਰਾਮ ਬਣਾ ਕੇ ਬਣਾਈ ਗਈ ਹੈ ਤਾਂ ਕਿ ਐਕਸੀਡੈਂਟਾਂ ਵਿੱਚ ਹੋਣ ਵਾਲੀਆਂ ਮੌਤਾਂ ਤੋਂ ਸਟੇਟ ਨੂੰ ਬਚਾਇਆ ਜਾ ਸਕੇ।

# ਹਰੀਪੁਰ ਕੂੜਾ ਵਿੱਚ ਮਹਾਂਸ਼ਿਵਰਾਤਰੀ ਉਤਸ਼ਾਹ ਨਾਲ ਮਨਾਈ ਗਈ



**ਡੇਰਾਬੱਸੀ, (ਸੰਜੀਵ ਸਿੰਘ ਸੈਣੀ)** ਮਹਾਂਸ਼ਿਵਰਾਤਰੀ ਦੇ ਪਾਵਨ ਤਿਉਹਾਰ ਮੌਕੇ ਡੇਰਾਬੱਸੀ ਦੇ ਪਿੰਡ ਹਰੀਪੁਰ ਕੂੜਾ ਸਥਿਤ ਨੀਲਕੰਠ ਮਹਾਂਦੇਵ ਸ਼ਿਵ ਮੰਦਰ ਵਿੱਚ ਧਾਰਮਿਕ ਰੌਣਕਾਂ ਦੇ ਦਰਮਿਆਨ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਮਨਪ੍ਰੀਤ ਸਿੰਘ ਬੰਨੀ ਸੰਧੂ ਅਤੇ ਮੰਡਲ ਪ੍ਰਧਾਨ ਪਵਨ ਧੀਮਾਨ ਨੇ ਮੰਦਰ ਵਿੱਚ ਮੱਥਾ ਟੇਕ ਕੇ ਭਗਵਾਨ ਭੋਲੇਨਾਥ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਮੁਲਾਕਾਤ ਕਰਦੇ ਹੋਏ ਸਭ ਨੂੰ ਮਹਾਂਸ਼ਿਵਰਾਤਰੀ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਅਤੇ ਸਭ ਦੀ ਖੁਸ਼ਹਾਲੀ, ਤਰੱਕੀ ਅਤੇ ਚੰਗੀ ਸਿਹਤ ਲਈ ਅਰਦਾਸ ਕੀਤੀ। ਮੰਦਰ ਵਿੱਚ ਭਜਨ-ਕੀਰਤਨ ਅਤੇ ਰੁਦ੍ਰਾਭਿਸ਼ੇਕ ਦੇ ਨਾਲ ਭਗਤਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਇਸ ਮੌਕੇ ਮਨਪ੍ਰੀਤ ਸਿੰਘ ਬੰਨੀ ਸੰਧੂ ਵੱਲੋਂ ਲੰਗਰ ਦੀ ਸੇਵਾ ਵੀ ਕਰਵਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪ੍ਰਸਾਦ ਗ੍ਰਹਿਣ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਤਿਉਹਾਰ ਸਾਨੂੰ ਆਪਸੀ ਭਾਈਚਾਰੇ ਅਤੇ ਸੇਵਾ ਭਾਵਨਾ ਦਾ ਸੰਦੇਸ਼ ਦਿੰਦੇ ਹਨ। "ਮਹਾਂਸ਼ਿਵਰਾਤਰੀ ਸਾਨੂੰ ਸੱਚਾਈ, ਸੇਵਾ ਅਤੇ ਸਮਰਪਣ ਦਾ ਪਾਠ ਪੜ੍ਹਾਉਂਦੀ ਹੈ। ਭਗਵਾਨ ਸ਼ਿਵ ਜੀ ਸਭ ਉੱਤੇ ਆਪਣੀ ਕਿਰਪਾ ਬਣਾਈ ਰੱਖਣ।" ਮੌਕੇ 'ਤੇ ਹੋਰ ਵੀ ਕਈ ਪਾਰਟੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਰਹੇ ਅਤੇ ਸਭ ਨੇ ਮਿਲ ਕੇ ਭਗਵਾਨ ਸ਼ਿਵ ਜੀ ਦੀ ਮਹਿਮਾ ਦਾ ਗੁਣਗ-ਾਨ ਕੀਤਾ।

# ਪੰਜਾਬ ਸੰਭਾਲੋ ਮੁਹਿੰਮ' ਨੂੰ ਤੇਜ਼ ਕਰਨ ਅਤੇ ਸੂਬੇ ਦੇ ਭਖਦੇ ਮੁੱਦਿਆਂ 'ਤੇ ਬਸਪਾ ਦੀ ਅਹਿਮ ਰਣਨੀਤੀ

**ਜਲੰਧਰ( ਚਰਨਜੀਤ ਸੱਲ੍ਹਾਂ )** ਅੱਜ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸੂਬੇ ਦੀਆਂ ਜ਼ਿਲ੍ਹਾ ਕਮੇਟੀਆਂ ਅਤੇ ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਪੰਜਾਬ ਦੀ ਮੌਜੂਦਾ ਸਿਆਸੀ, ਆਰਥਿਕ ਅਤੇ ਸਮਾਜਿਕ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ 'ਪੰਜਾਬ ਸੰਭਾਲੋ ਮੁਹਿੰਮ' ਨੂੰ ਹੋਰ ਸਰਗਰਮੀ ਨਾਲ ਚਲਾਉਣ ਦਾ ਫੈਸਲਾ ਕੀਤਾ ਗਿਆ। ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਨੀਵਾਲ ਕੇਦਰੀ ਇਨਚਾਰਜ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਪ੍ਰਤਾਪ ਸਿੰਘ ਕੇਂਦਰੀ ਇੰਚਾਰਜ ਬਸਪਾ ਪੰਜਾਬ ਵਿਸ਼ੇਸ਼ ਤੌਰ ਤੇ ਮੀਟਿੰਗ ਵਿੱਚ ਪਹੁੰਚੇ ਸਨ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਬੈਨੀਵਾਲ, ਪ੍ਰਤਾਪ ਸਿੰਘ, ਡਾਕਟਰ ਕਰੀਮਪੁਰੀ ਜੀ ਨੇ ਕਿਸਾਨੀ ਕਰਜ਼ੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਮੀਟਿੰਗ ਦੌਰਾਨ ਪਾਰਲੀਮੈਂਟ ਵਿੱਚ ਪੇਸ਼ ਕੀਤੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਦੇ ਕਿਸਾਨਾਂ ਸਿਰ ਦੇਸ਼ ਦੇ ਬਾਕੀ ਕਿਸਾਨਾਂ ਦੀ ਔਸਤ ਨਾਲੋਂ ਤਿੰਨ ਗੁਣਾ ਵੱਧ ਕਰਜ਼ਾ ਹੈ। ਬਸਪਾ ਲੀਡਰਸ਼ਿਪ ਨੇ ਇਸ ਨੂੰ ਬੇਹੱਦ ਚਿੰਤਾਜਨਕ ਦੱਸਿਆ। ਪਾਰਟੀ ਨੇ ਫੈਸਲਾ ਕੀਤਾ ਹੈ ਕਿ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਦਲਿਤਾਂ ਅਤੇ ਪਿਛੜੇ ਵਰਗਾਂ ਦੇ ਨਾਲ-ਨਾਲ ਹੁਣ ਕਿਸਾਨਾਂ ਅਤੇ ਸ਼ਹਿਰੀਆਂ ਤੱਕ ਵੀ ਪਾਰਟੀ ਦਾ ਏਜੰਡਾ ਪਹੁੰਚਾਇਆ ਜਾਵੇਗਾ। ਇਸ ਸਬੰਧੀ ਵੱਖ-ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਉਪਰੋਕਤ ਆਗੂਆਂ ਨੇ ਕਿਹਾ ਜਿਸ ਸੂਬੇ ਦਾ ਕਿਸਾਨ ਕਿੱਡੇ ਵੱਡੇ ਕਰਜੇ ਥੱਲੇ ਦੱਬਿਆ ਹੈ ਉਥੋਂ ਦਾ ਮਜ਼ਦੂਰ ਕਿਸ ਤਰ੍ਹਾਂ ਦੀ ਬੇਬਸੀ-ਮਜਬੂਰੀ ਦੀ ਜਿੰਦਗੀ ਜੀ ਰਿਹਾ ਹੈ ਇਹ ਹੋਰ ਵੀ ਚਿੰਤਾਜਨਕ ਸਥਿਤੀ ਹੈ ਇਸ ਦਾ ਹੱਲ ਬਸਪਾ ਵੱਲੋਂ ਚਲਾਈ ਜਾ ਰਹੀ ਪੰਜਾਬ ਸੰਭਾਲੋ ਮਹਿਮ ਹੀ ਕੱਢ ਸਕਦੀ ਹੈ

ਨਸ਼ਾ ਵਿਰੋਧੀ ਯਾਤਰਾ ਅਤੇ ਮੌਜੂਦਾ ਸਰਕਾਰਾਂ ਦੀ ਆਲੋਚਨਾ ਪਿਛਲੇ ਦਿਨੀਂ ਗਵਰਨਰ ਪੰਜਾਬ ਵੱਲੋਂ ਕੱਢੀ ਗਈ ਨਸ਼ਾ ਵਿਰੋਧੀ ਯਾਤਰਾ 'ਤੇ ਟਿੱਪਣੀ ਕਰਦਿਆਂ ਪਾਰਟੀ ਨੇ ਕਿਹਾ ਕਿ:

ਨਸ਼ੇ ਮਹਿਜ਼ 'ਯਾਤਰਾਵਾਂ' ਨਾਲ ਖਤਮ ਨਹੀਂ ਹੋਣਗੇ, ਸਗੋਂ ਸਹੀ 'ਨੀਤੀ' ਅਤੇ ਇਮਾਨਦਾਰੀ ਨਾਲ ਖਤਮ ਹੋਣਗੇ।

ਗਵਰਨਰ ਦੀ ਯਾਤਰਾ ਪੂਰੀ ਤਰ੍ਹਾਂ ਰਾਜਨੀਤਿਕ ਰੰਗਤ ਵਿੱਚ ਰੰਗੀ ਹੋਈ ਸੀ। ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ—ਇਹ ਸਾਰੀਆਂ ਪਾਰਟੀਆਂ ਪੰਜਾਬ ਨੂੰ ਸੰਕਟ ਵਿੱਚ ਧੱਕਣ ਲਈ ਜ਼ਿੰਮੇਵਾਰ ਹਨ।

**ਪੰਜਾਬੀਆਂ ਨੂੰ ਅਪੀਲ:** ਬਸਪਾ ਨੂੰ ਮੌਕਾ ਦਿਓ ਬਸਪਾ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਜੇਕਰ ਉਹ ਪੰਜਾਬ ਨੂੰ ਨਸ਼ਾ ਮੁਕਤ, ਕਰਜ਼ਾ ਮੁਕਤ ਅਤੇ ਗੈਂਗਸਟਰ-ਮਾਫੀਆ (ਲੈਂਡ, ਸੈਂਡ ਤੇ ਡਰੱਗ ਮਾਫੀਆ) ਦੇ ਚੱਕਰਵਿਊ ਵਿੱਚੋਂ ਕੱਢਣਾ ਚਾਹੁੰਦੇ ਹਨ, ਤਾਂ ਬਹੁਜਨ ਸਮਾਜ ਪਾਰਟੀ ਨੂੰ ਇੱਕ ਮੌਕਾ ਦੇਣ। ਬਸਪਾ ਦਾ ਮੁੱਖ ਉਦੇਸ਼ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਅਤੇ ਸਿਹਤ ਕ੍ਰਾਂਤੀ ਲਿਆਉਣਾ ਹੈ। ਧਾਰਮਿਕ ਅਸਥਾਨਾਂ 'ਤੇ ਕਬਜ਼ੇ ਅਤੇ ਸਿਆਸੀ ਮਿਲੀਭੁਗਤ ਸਾਬਕਾ ਰਾਜ ਸਭਾ ਮੈਂਬਰ ਅਤੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅਕਾਲੀ ਦਲ ਅਤੇ ਭਾਜਪਾ ਦੀਆਂ ਨਜ਼ਦੀਕੀਆਂ 'ਤੇ ਸਖ਼ਤ ਸ਼ਬਦਾਂ ਵਿੱਚ ਕਿਹਾ:

"ਭਾਜਪਾ ਅਤੇ ਆਰ.ਐਸ.ਐਸ. ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਬਿਹਾਰ ਦੇ ਗੁਰਦੁਆਰਿਆਂ ਸਮੇਤ ਸਿੱਖ ਇਤਿਹਾਸਿਕ ਅਸਥਾਨਾਂ 'ਤੇ ਕਬਜ਼ਾ ਕਰ ਚੁੱਕੀ ਹੈ। ਇਸ ਪਾਪ ਲਈ ਭਾਜਪਾ ਦੇ ਨਾਲ-ਨਾਲ ਅਕਾਲੀ ਦਲ (ਬਾਦਲ) ਵੀ ਬਰਾਬਰ ਦਾ ਜ਼ਿੰਮੇਵਾਰ ਹੈ।" ਉਨ੍ਹਾਂ ਸਪੱਸ਼ਟ ਕੀਤਾ ਕਿ ਬਸਪਾ ਪੰਜਾਬ ਅੰਦਰ ਅਜਿਹਾ ਹਰਗਿਜ਼ ਨਹੀਂ ਹੋਣ ਦੇਵੇਗੀ ਅਤੇ ਪੰਜਾਬੀਆਂ ਨੂੰ ਇਸ ਵਿਰੁੱਧ ਜਾਗਰੂਕ ਕਰਕੇ ਵੱਡਾ ਸੰਘਰਸ਼ ਵਿਢਿਆ ਜਾਵੇਗਾ।





ਇਸ ਮੌਕੇ ਪਾਰਟੀ ਦੇ ਸਟੇਟ ਜੋਨ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ,ਸਟੇਟ ਜੋਨ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ,ਸਟੇਟ ਜਨਰਲ ਸੈਕਰਟਰੀ ਐਡਵੋਕੇਟ ਬਲਵਿੰਦਰ ਕੁਮਾਰ, ਸ੍ਰੀ ਬਲਦੇਵ ਸਿੰਘ ਮਹਿਰਾ ਉਪ ਪ੍ਰਧਾਨ ਬਸਪਾ ਪੰਜਾਬ, ਮਾਸਟਰ ਅਮਰਜੀਤ ਸਿੰਘ ਜਲੂਰ ਸਟੇਟ ਜਨਰਲ ਸੈਕਟਰੀ, ਸਰਦਾਰ ਨਿਰਮਲ ਸਿੰਘ ਨਿੰਮਾ ਓਣ ਐਮਐਲਏ,ਸਟੇਟ ਜਨਰਲ ਸੈਕਟਰੀ ਤਰਸੇਮ ਥਾਪਰ, ਸਟੇਟ ਜਨਰਲ ਸੈਕਟਰੀ ਲਾਲ ਸਿੰਘ ਸਲਹਾਨੀ, ਸਟੇਟ ਜਨਰਲ ਸੈਕਟਰੀ ਮਾਸਟਰ ਓਮ ਪ੍ਰਕਾਸ਼, ਇੰਜੀਨੀਅਰ ਜਸਵੰਤ ਰਾਏ ਸਟੇਟ ਆਫਿਸ ਸੈਕਟਰੀ, ਸ੍ਰੀ ਪਰਮਜੀਤ ਮਲ ਸਟੇਟ ਕੈਸ਼ੀਅਰ,ਸੰਤ ਰਾਮ ਮਲੀਅ, ਗੁਰਬਖਸ਼ ਚੌਹਾਨ, ਤਾਰਾ ਚੰਦ ਭਗਤ, ਰਾਕੇਸ਼ ਕੁਮਾਰ, ਦਲਜੀਤ ਰਾਏ, ਜਗਦੀਸ਼ ਸ਼ੇਰਪੁਰੀ, ਸਲਿੰਦਰ ਕੁਮਾਰ, ਦਿਲਬਾਗ ਚੰਦ ਬਲਾਚੌਰ, ਡਾਕਟਰ ਸਰਬਜੀਤ ਸਿੰਘ ਖੇੜੀ, ਸਤਿਗੁਰੂ ਸਿੰਘ, ਸਰਦੂਲ ਸਿੰਘ ਜਿਲਾ ਰੋਪੜ ਪ੍ਰਧਾਨ, ਕੁਲਦੀਪ ਸਿੰਘ ਜਿਲਾ ਰੋਪੜ ਕੋਆਰਡੀਨੇਟਰ ਲੁਧਿਆਣਾ ਪਰਗਣ ਬਿਲਗਾ, ਯਾਦਵ ਜੀ, ਕਰਮ ਚੰਦ, ਐਡਵੋਕੇਟ ਪ੍ਰਿਤਪਾਲ ਸਿੰਘ, ਬੀਬੀ ਮਹਿਲਾ ਵਿੰਗ ਕਨਵੀਨਰ, ਰਜਿੰਦਰ ਸਿੰਘ, ਕਰਮ ਚੰਦ ਤੇ ਹੋਰ ਸੀਨੀਅਰ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੰਤ ਓਅੰਕਾਰ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਮਹਿਤਪੁਰ ਉਲੱਦਣੀ ਵਿਖੇ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ ਸੇਵਾਵਾਂ ਦਾ ਵਿਭਾਗ ਅਰੰਭ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ)** ਅਕਾਲ ਪੁਰਖ ਦੀ ਕਿਰਪਾ ਸਦਕਾ ਸਚਖੰਡ ਵਾਸੀ ਸੰਤ ਬਾਬਾ ਗੁਰਮੇਲ ਸਿੰਘ ਜੀ ਵੱਲੋਂ ਇਲਾਕੇ ਦੇ ਲੋੜਵੰਦਾਂ ਮਰੀਜਾਂ ਲਈ ਪਿਛਲੇ ਸਮੇਂ ਦੌਰਾਨ ਮਹਾਂਪੁਰਖ ਸੰਤ ਬਾਬਾ ਓਅੰਕਾਰ ਸਿੰਘ ਜੀ ਦੀ ਯਾਦ ਵਿਚ ਜੋ ਇਲਾਕੇ ਦੇ ਲੋੜਵੰਦ ਲੋਕਾਂ ਲਈ ਸ਼੍ਰੀ ਮਾਨ ਸੰਤ ਬਾਬਾ ਓਅੰਕਾਰ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਤਿਆਰ ਕਰਵਾਏ ਸਨ ਅੱਜ ਉਸ ਵਿਚ ਅੱਖਾਂ ਦੇ ਵਿਭਾਗ ਦਾ ਉਦਘਾਟਨ ਕੀਤਾ ਗਿਆ। ਪ੍ਰਸਿੱਧ ਕਥਾਵਾਚਕ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਵੱਲੋਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਅੱਖਾਂ ਦੇ ਇਲਾਜ ਲਈ ਇਸ ਵਿਭਾਗ ਦੀ ਅਰੰਭਤਾ ਕਰਵਾਈ। ਉਪਰੰਤ ਪ੍ਰਸਿੱਧ ਸਮਾਜ ਸੇਵੀ ਅਤੇ ਧੰਨ ਮਾਤਾ ਗੁਜਰੀ ਜੀ ਟਰੱਸਟ ਜਗਰਾਉਂ ਦੇ ਮੁੱਖ ਸੇਵਾਦਾਰ ਸ: ਸਰਦਾਰ ਗੁਰਤਾਜ ਸਿੰਘ ਵੱਲੋਂ ਇਸ ਸੇਵਾ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਸੰਬੋਧਨ ਹੁੰਦੇ ਹੋਏ ਗਿਆਨੀ ਸਰਬਜੀਤ ਸਿੰਘ ਜੀ ਨੇ ਕਿਹਾ ਕਿ ਇਸ ਸੰਸਥਾ ਵਿੱਚ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ ਦੀ ਸਹੂਲਤ ਆਰੰਭ ਹੋਣ ਨਾਲ ਇਲਾਕੇ ਦੇ ਵੱਡੀ ਗਿਣਤੀ ਵਿਚ ਲੋਕ ਇਸ ਸੇਵਾ ਦਾ ਲਾਭ ਉਠਾ ਸਕਣਗੇ। ਉਹਨਾਂ ਕਿਹਾ ਕਿ ਮਹਾਂਪੁਰਖਾਂ ਦੇ ਨਾਮ ਤੇ ਚੱਲ ਰਹੇ ਇਸ ਹਸਪਤਾਲ ਵਿੱਚ ਹਰ ਮਰੀਜ਼ ਦਾ ਇਲਾਜ ਉਸ ਦੀ ਲਾਗਤ ਤੋਂ ਵੱਧ ਨਹੀਂ ਲਿਆ ਜਾਵੇਗਾ ਅਤੇ ਲੋੜਵੰਦ ਮਰੀਜ਼ ਜੋ ਪੈਸਾ ਦੇਣ ਤੋਂ ਅਸਮੱਰਥ ਹੋਣਗੇ ਉਹਨਾਂ ਲਈ ਵੀ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬਿਨਾਂ ਖਰਚੇ ਤੋਂ ਇਲਾਜ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਉਹਨਾਂ ਨੇ ਇਲਾਕੇ ਦੇ ਐਨ ਆਰ ਆਈ ਵੀਰਾਂ ਨੂੰ ਅਪੀਲ ਕੀਤੀ ਕਿ ਇਸ ਇਲਾਕੇ ਦੇ ਲੋੜਵੰਦ ਮਰੀਜ਼ਾਂ ਦੀ ਬਾਂਹ ਫੜਣ ਲਈ ਅੱਗੇ ਆਉਣ ਤਾਂ ਕਿ ਇਲਾਜ ਕਰਵਾਉਣ ਤੋਂ ਅਸਮਰੱਥ ਮਰੀਜ਼ਾਂ ਨੂੰ ਦਵਾਈਆਂ ਅਤੇ ਉਨ੍ਹਾਂ ਦਾ ਲੋੜੀਂਦਾ ਇਲਾਜ ਮੁਫਤ ਕੀਤਾ ਜਾ ਸਕੇ।





## ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਮਿਤੀ 16 ਫਰਵਰੀ 2026 ਨੂੰ ਸੂੰਡ ਵਿਖੇ ਕੈਂਪ ਲਗਾਇਆ ਜਾਵੇਗਾ




**ਬੰਗਾ( ਚਰਨਜੀਤ ਸੱਲ੍ਹਾਂ )** ਡਾ ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਗ੍ਰੇਟ ਬ੍ਰਿਟੇਨ।ਡਾ ਅੰਬੇਡਕਰ ਬੁਧਿਸਟ ਸੈਂਟਰ ਮੈਨੇਜਿੰਗ ਕਮੇਟੀ ਰਜਿ ( ਚੇਰੀਟੇਬਲ) ਪਿੰਡ ਸੂੰਢ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਮਿਤੀ 16 ਫਰਵਰੀ 2026 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਹ ਕੈਂਪ ਸਤਿਕਾਰਯੋਗ ਲੇਟ ਕਰਤਾਰ ਚੰਦ ਕਲੇਰ ਅਤੇ ਸਤਿਕਾਰਯੋਗ ਲੇਟ ਹਰਬਿਲਾਸ ਬੰਗੜ ਜੀ ਦੀ ਯਾਦ ਵਿੱਚ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਮਰੀਜ਼ਾਂ ਦੇ ਫਰੀ ਅਪਰੇਸ਼ਨ ਡਾ ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਵੱਲੋਂ ਕੀਤੇ ਜਾਣਗੇ। ਵਿਸ਼ੇਸ਼ ਧੰਨਵਾਦ ਡਾ ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ ਦੇ ਸਮੂਹ ਮੈਂਬਰ ਸਾਹਬਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਕਮੇਟੀ ਮੈਂਬਰ ਅਤੇ ਐਨ ਆਰ ਆਈ ਸਾਰੇ ਸਾਥੀ।ਸਥਾਨ ਡਾ ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਬਹਿਰਾਮ ਮਾਹਿਲਪੁਰ ਨੇੜੇ ਆਈ ਟੀ ਆਈ ਪਿੰਡ ਸੂੰਢ ਵਿਖੇ ਲਗਾਇਆ ਜਾਵੇਗਾ।

# ਯੂਰਪ ਨੂੰ ਲੜਨ ਲਈ ਤਿਆਰ ਰਹਿਣਾ ਪਵੇਗਾ: ਕੀਰ ਸਟਾਰਮਰ



**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਜਰਮਨੀ ਦੇ ਮਿਊਨਿਖ ਸ਼ਹਿਰ ਵਿੱਚ ਹੋਏ ਅੰਤਰਰਾਸ਼ਟਰੀ ਸੁਰੱਖਿਆ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਯੂਰਪ ਨੂੰ ਆਪਣੇ ਲੋਕਾਂ, ਆਪਣੇ ਲੋਕਤੰਤਰਿਕ ਮੂਲਿਆਂ ਅਤੇ ਆਪਣੀ ਜੀਵਨ ਪੰਥੀ ਦੀ ਰੱਖਿਆ ਲਈ ਹਰ ਹਾਲਤ ਵਿੱਚ ਲੜਨ ਲਈ ਤਿਆਰ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਤੇਜ਼ੀ ਨਾਲ ਬਦਲ ਰਹੇ ਹਾਲਾਤ ਅਤੇ ਵਧ ਰਹੀਆਂ ਤਣਾਅਪੂਰਨ ਸਥਿਤੀਆਂ ਯੂਰਪੀ ਦੇਸ਼ਾਂ ਲਈ ਸਪੱਸ਼ਟ ਸੰਕੇਤ ਹਨ ਕਿ ਉਹ ਆਪਣੀ ਰੱਖਿਆ ਤਾਕਤ ਨੂੰ ਮਜ਼ਬੂਤ ਬਣਾਉਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂਰਪੀ ਦੇਸ਼ਾਂ ਨੂੰ ਸਿਰਫ਼ ਬਿਆਨਾਂ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਰੱਖਿਆ ਖਰਚ ਵਿੱਚ ਵਾਧਾ ਕਰਦੇ ਹੋਏ ਆਪਣੇ ਸੈਨਿਕ ਢਾਂਚੇ ਨੂੰ ਆਧੁਨਿਕ ਅਤੇ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸੁਰੱਖਿਆ ਦੇ ਮਾਮਲੇ ਵਿੱਚ ਹੋਰਾਂ 'ਤੇ ਆਸਰਾ ਕਰਨ ਦੀ ਸੋਚ ਤੋਂ ਬਾਹਰ ਆਉਣਾ ਪਵੇਗਾ ਅਤੇ ਆਪਣੇ ਬਲਬੂਤੇ ਖੜ੍ਹਾ ਹੋਣਾ ਹੀ ਸਮੇਂ ਦੀ ਲੋੜ ਹੈ। ਉਨ੍ਹਾਂ ਦੇ ਅਨੁਸਾਰ ਯੂਰਪ ਦੀ ਇਕਜੁਟਤਾ ਹੀ ਉਸਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਸਾਂਝੀ ਰਣਨੀਤੀ ਨਾਲ ਹੀ ਭਵਿੱਖ ਦੇ ਖਤਰਨਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਸਟਾਰਮਰ ਨੇ ਆਪਣੇ ਸੰਬੋਧਨ ਦੌਰਾਨ ਘੋਸ਼ਣਾ ਕੀਤੀ ਕਿ ਬ੍ਰਿਟੇਨ ਆਪਣਾ ਸਮੁੰਦਰੀ ਯੁੱਧ ਬਹਿਨੀ ਦਲ ਉੱਤਰੀ ਧੁਰੇ ਨਾਲ ਲੱਗਦੇ ਖੇਤਰਾਂ ਵਿੱਚ ਭੇਜੇਗਾ। ਉਨ੍ਹਾਂ ਕਿਹਾ ਕਿ ਇਹ ਕਦਮ ਉੱਥੇ ਪੈਦਾ ਹੋ ਰਹੀਆਂ ਸੁਰੱਖਿਆ ਚੁਣੌਤੀਆਂ ਅਤੇ ਸੰਭਾਵਿਤ ਹਮਲਾਵਰਤਾ ਨੂੰ ਧਿਆਨ ਵਿੱਚ ਰੱਖਦਿਆਂ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਥੀ ਦੇਸ਼ਾਂ ਦੀ ਭਾਗੀਦਾਰੀ ਨਾਲ ਇਹ ਯਤਨ ਹੋਰ ਪ੍ਰਭਾਵਸ਼ਾਲੀ ਬਣੇਗਾ ਅਤੇ ਖੇਤਰ ਵਿੱਚ ਸੰਤੁਲਨ ਕਾਇਮ ਰਹੇਗਾ। ਉਨ੍ਹਾਂ ਕਿਹਾ ਕਿ ਯੂਕਰੇਨ ਨਾਲ ਸੰਬੰਧਤ ਸਥਿਤੀ ਅਜੇ ਵੀ ਚਿੰਤਾਜਨਕ ਹੈ। ਭਾਵੇਂ ਭਵਿੱਖ ਵਿੱਚ ਕੋਈ ਸਮਝੌਤਾ ਹੋ ਜਾਵੇ, ਤਦ ਵੀ ਯੂਰਪ ਨੂੰ ਪੂਰੀ ਤਰ੍ਹਾਂ ਨਿਸ਼ਚਿੰਤ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਅਨੁਸਾਰ ਇਤਿਹਾਸ ਗਵਾਹ ਹੈ ਕਿ ਕਈ ਵਾਰ ਸਮਝੌਤਿਆਂ ਦੇ ਬਾਵਜੂਦ ਤਣਾਅ ਦੁਬਾਰਾ ਉਭਰ ਸਕਦਾ ਹੈ। ਇਸ ਲਈ ਲਗਾਤਾਰ ਤਿਆਰੀ, ਚੌਕਸੀ ਅਤੇ ਮਜ਼ਬੂਤ ਰੱਖਿਆ ਪ੍ਰਬੰਧ ਬਹੁਤ ਜ਼ਰੂਰੀ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂਰਪ ਨੂੰ ਆਪਣੀ ਉਦਯੋਗਿਕ ਸਮਰੱਥਾ ਅਤੇ ਰੱਖਿਆ ਉਤਪ-ਾਦਨ ਵਿੱਚ ਵੀ ਵਾਧਾ ਕਰਨਾ ਚਾਹੀਦਾ ਹੈ, ਤਾਂ ਜੋ ਜ਼ਰੂਰਤ ਪੈਣ 'ਤੇ ਤੁਰੰਤ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਮਜ਼ਬੂਤ ਰੱਖਿਆ ਪ੍ਰਣਾਲੀ ਸਿਰਫ਼ ਜੰਗ ਲਈ ਨਹੀਂ, ਸਗੋਂ ਸ਼ਾਂਤੀ ਦੀ ਰੱਖਿਆ ਲਈ ਵੀ ਲਾਜ਼ਮੀ ਹੁੰਦੀ ਹੈ। ਡਰ ਤੋਂ ਬਿਨਾਂ, ਦ੍ਰਿੜਤਾ ਨਾਲ ਖੜ੍ਹੇ ਰਹਿਣ ਨਾਲ ਹੀ ਸਥਿਰਤਾ ਕਾਇਮ ਰਹਿ ਸਕਦੀ ਹੈ।

ਉਨ੍ਹਾਂ ਆਪਣੇ ਸੰਬੋਧਨ ਦੇ ਅੰਤ ਵਿੱਚ ਕਿਹਾ ਕਿ ਯੂਰਪ ਦਾ ਭਵਿੱਖ ਉਸਦੀ ਏਕਤਾ, ਦ੍ਰਿੜ ਨਿਸ਼ਚਯ ਅਤੇ ਸਾਂਝੇ ਉਪਰਾਲਿਆਂ 'ਤੇ ਨਿਰਭਰ ਕਰਦਾ ਹੈ। ਮਜ਼ਬੂਤ ਰੱਖਿਆ ਤਿਆਰੀ ਅਤੇ ਆਪਸੀ ਸਹਿਯੋਗ ਨਾਲ ਹੀ ਲੰਬੇ ਸਮੇਂ ਲਈ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਯਕੀਨੀ ਬਣਾਈ ਜਾ ਸਕਦੀ ਹੈ। ਉਨ੍ਹਾਂ ਦਾ ਇਹ ਸੰਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

# ਸੁਖਦੀਪ ਸਿੰਘ ਸ਼ੁਕਾਰ ਨੂੰ ਹਲਕਾ ਨਵਾਂਸ਼ਹਿਰ ਦਾ ਇੰਨਚਾਰਜ ਲਗਾਏ ਜਾਣ ਅਕਾਲੀ ਵਰਕਰ ਬਾਗੋ-ਬਾਗ

## ਸ਼ੁਕਾਰ ਧਰਤੀ ਨਾਲ ਜੁੜੇ ਹੋਏ ਵਰਕਰ ਹਨ:ਗੁਰਪ੍ਰੀਤ ਗੁੱਜਰ ਰੈਲਮਾਜਰਾ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸੀਨੀਅਰ ਅਕਾਲੀ ਆਗੂ ਸੁਖਦੀਪ ਸਿੰਘ ਸ਼ੁਕਾਰ ਨੂੰ ਹਲਕਾ ਨਵਾਂਸ਼ਹਿਰ ਦਾ ਇੰਨਚਾਰਜ ਲਗਾਏ ਜਾਣ ਤੇ ਜ਼ਿਲ੍ਹੇ ਦੇ ਅਕਾਲੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਿਹਾ ਕਿ ਸੁਖਦੀਪ ਸਿੰਘ ਸ਼ੁਕਾਰ ਧਰਤੀ ਨਾਲ ਜੁੜੇ ਹੋਏ ਅਕਾਲੀ ਵਰਕਰ ਹਨ। ਜਿਨ੍ਹਾਂ ਦਾ ਹਲਕੇ ਵਿੱਚ ਮਜਬੂਰ ਅਧਾਰ ਮੰਨਿਆ ਜਾਂਦਾ ਹੈ ।ਜਿਸ ਕਰਕੇ ਉਹ ਦਿਨ ਰਾਤ ਜਿੱਥੇ ਲੋਕਾਂ ਦੇ ਕੰਮ ਆਉਂਦੇ ਹਨ। ਉੱਥੇ ਸ਼੍ਰੋਮਣੀ ਅਕਾਲੀ ਦਲ ਲਈ ਦਿਨ ਰਾਤ ਮਿਹਨਤ ਕਰਦੇ ਹੋਏ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਸੱਚਮੁੱਚ ਹੀ ਸ਼੍ਰੋਮਣੀ ਅਕਾਲੀ ਦਲ ਨੇ ਅਜਿਹੇ ਵਰਕਰਾਂ ਨੂੰ ਪਾਰਟੀ ਵਿੱਚ ਸੁਚੱਜੀ ਥਾਂ ਦਿੱਤੀ ਗਈ ਤਾਂ ਉਹ ਦਿਨ ਦੂਰ ਨਹੀਂ ਹੋਵੇਗਾ। ਜਦੋਂ ਸ਼੍ਰੋਮਣੀ ਅਕਾਲੀ ਦਲ ਬੁਲੰਦੀਆਂ ਤੇ ਪਹੁੰਚ ਪੰਜਾਬ ਵਿੱਚ ਮੁੜ ਸਤਾ ਪ੍ਰਾਪਤ ਕਰਕੇ ਰਾਜ ਭਾਗ ਦਾ ਮਾਲਕ ਬਣੇ ਇਸ ਮੌਕੇ ਗੁਰਪ੍ਰੀਤ ਗੁੱਜਰ ਰੈਲਮਾਜਰਾ ਅਤੇ ਹੋਰ ਅਕਾਲੀ ਵਰਕਰਾਂ ਨੇ ਸਰਦਾਰ ਸੁਖਬੀਰ ਸਿੰਘ ਬਾਦਲ ਪ੍ਰਧਾਨ ਅਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਹਲਕਾ ਬਲਾਚੌਰ ਦੇ ਵੀ ਸਮੂਹ ਅਕਾਲੀ ਵਰਕਰ ਇੱਕ ਜੁੱਟ ਹਨ ਜੋ ਸ਼੍ਰੋਮਣੀ ਅਕਾਲੀ ਦਲ ਨੂੰ ਸਤਾ ਵਿੱਚ ਲਿਆਉਣ ਲਈ ਸਿਰਤੋੜ ਯਤਨ ਕਰ ਰਹੇ ਹਨ।

# ਸਵ. ਕਾਮਰੇਡ ਸ਼ੰਕਰ ਸਿੰਘ ਦੀ ਯਾਦ 'ਚ ਉਨਾਂ ਦੇ ਪਰਿਵਾਰ ਵਲੋਂ ਸਰਕਾਰੀ ਸਕੂਲ ਨੂੰ ਦਿੱਤਾ ਫੰਡ ਤੇ ਪੁਜ਼ੀਸ਼ਨਾਂ ਹਾਸਲਕਰਨ ਵਾਲੇ ਬੱਚਿਆਂ ਨੂੰ ਦਿੱਤੇ ਨਕਦ ਇਨਾਮ



**ਫਿਲੌਰ/ਅੱਪਰਾ, (ਦੀਪਾ)-** ਉੱਘੇ ਸਮਾਜ ਸੇਵੀ ਕਾਮਰੇਡ ਭੁਪਿੰਦਰ ਸਿੰਘ ਗਵਾ (ਕੈਨੇਡਾ) ਤੇ ਉਹਨਾਂ ਦੀ ਧਰਮ ਪਤਨੀ ਬੀਬੀ ਬਲਜਿੰਦਰ ਕੌਰ ਛੋਕਰ ਵਲੋਂ ਸਵ. ਕਾਮ-ਰੇਡ ਸ਼ੰਕਰ ਸਿੰਘ ਦੀ ਨਿੱਘੀ ਮਿੱਠੀ ਯਾਦ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਛੋਕਰਾਂ ਨੂੰ 30 ਹਜ਼ਾਰ ਰੁਪਏ ਦਾ ਫੰਡ ਦਿੱਤਾ ਗਿਆ ਇਸਦੇ ਨਾਲ ਹੀ ਜੋ ਬੱਚਾ ਅੱਠਵੀਂ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਇਆ ਉਸਨੂੰ 40 ਹਜ਼ਾਰ ਰੁਪਏ ਅਤੇ ਦੂਜੇ ਨੰਬਰ ਤੇ ਆਉਣ ਵਾਲੇ ਬੱਚੇ ਨੂੰ 20 ਹਜ਼ਾਰ ਰੁਪਏ ਨਕਦ ਇਨਾਮ ਦਿੱਤਾ ਗਿਆ ।ਇਸ ਮੌਕੇ ਗੁਰਦੁਆਰਾ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਵਲੋਂ ਬੀਬੀ ਬਲਜਿੰਦਰ ਕੌਰ ਜੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਸਮੂਹ ਗ੍ਰਾਮ ਪੰਚਾਇਤ ਵਲੋਂ ਕਾਮ-ਰੇਡ ਭੁਪਿੰਦਰ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ । ਇਸ ਮੌਕੇ ਗੁਰਦੁਆਰਾ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚਰਨਜੀਤ ਕੁਮਾਰ, ਕੈਸ਼ੀਅਰ ਜਗਜੀਤ ਸੋਨੀ, ਲਖਵਿੰਦਰ ਬਿੰਦਰ, ਮੀਤ ਪ੍ਰਧਾਨ ਕਮਲ ਕੁਮਾਰ, ਚੇਅਰਮੈਨ ਵਰਿੰਦਰ ਕੁਮਾਰ, ਕੁਲਦੀਪ ਲੋਹਟ, ਮਨੀਸ਼ ਲੋਹਟ, ਸੰਦੀਪ ਕਲੇਰ, ਪਰਸਰਾਮ, ਤਨਵੀਰ ਕਲੇਰ, ਹਰਮਨ ਲੋਹਟ, ਸਰਬਜੀਤ ਕਲੇਰ, ਤੀਰਥ ਕੁਮਾਰ,ਅਮਰਜੀਤ ਸਿੰਘ ਕਾਲਾ, ਅਸ਼ੋਕ ਕੁਮਾਰ, ਅਵਤਾਰ ਤਾਰੀ, ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ, ਸਰਕਾਰੀ ਸਕੂਲ ਦੇ ਹੈੱਡ ਮਾਸਟਰ ਕੁਲਬੀਰ ਸਿੰਘ, ਸਕੂਲ ਦੀ ਵਿਕਾਸ ਕਮੇਟੀ ਦੇ ਬਲਵੀਰ ਸਿੰਘ, ਸਰਬਜੀਤ ਸਿੰਘ,ਗ੍ਰੰਥੀ ਅਵਤਾਰ ਸਿੰਘ, ਮੁਹੰਮਦ ਸਰਵਰ, ਤੀਰਥ ਸ਼ਰਮਾ, ਵੀ ਹਾਜ਼ਰ ਸਨ ।

# ਵੀਹ ਸਾਲ ਪੁਰਾਣੇ ਨਾਬਾਲਗਾਂ ਲੜਕੀ ਨਾਲ ਜਬਰ ਜ਼ਨਾਹ ਮਾਮਲੇ ਵਿੱਚ ਦੋਸ਼ੀ ਨੂੰ ਛੇ ਸਾਲ ਕੈਦ



**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਕਰੀਬ ਵੀਹ ਸਾਲ ਪਹਿਲਾਂ ਇਕ ਨਾਬਾਲਿਗ ਕੁੜੀ ਨਾਲ ਜਬਰ ਜਨਾਹ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵੱਲੋਂ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਗਿਆਨਕ ਜਾਂਚ ਰਾਹੀਂ ਮਿਲੇ ਨਮੂਨਿਆਂ ਦੀ ਨਵੀਂ ਤਕਨੀਕੀ ਜਾਂਚ ਦੌਰਾਨ ਦੋਸ਼ੀ ਦੀ ਪਛਾਣ ਹੋਈ।

ਪੁਲਿਸ ਅਨੁਸਾਰ ਇਹ ਘਟਨਾ ਅਕਤੂਬਰ 2006 ਵਿੱਚ ਬੈਡਫੋਰਡਸ਼ਾਇਰ ਦੇ ਸ਼ੈਫੋਰਡ ਇਲਾਕੇ ਵਿੱਚ ਇਕ ਵਪਾਰਿਕ ਮਾਰਕੀਟ ਦੇ ਵਾਹਨ ਖੜ੍ਹੇ ਕਰਨ ਵਾਲੇ ਸਥਾਨ 'ਤੇ ਵਾਪਰੀ ਸੀ। ਉਸ ਵੇਲੇ ਦੋਸ਼ੀ, ਜਿਸ ਦੀ ਉਮਰ 25 ਸਾਲ ਸੀ, ਪੀੜਤਾ ਅਤੇ ਉਸ ਦੀ ਸਹੇਲੀ ਨਾਲ ਮਿਲਿਆ। ਜਦੋਂ ਪੀੜਤਾ ਦੀ ਸਹੇਲੀ ਖਰੀਦਦਾਰੀ ਲਈ ਦੁਕਾਨ ਅੰਦਰ ਗਈ ਤਾਂ ਦੋਸ਼ੀ ਨੇ ਕੁੜੀ ਨੂੰ ਜਬਰਦਸਤੀ ਇਕ ਕਾਰ ਦੇ ਪਿੱਛਲੇ ਹਿੱਸੇ ਵਿੱਚ ਖਿੱਚ ਕੇ ਉਸ ਨਾਲ ਦੁਰਵਿਵਹਾਰ ਕੀਤਾ।

ਉਸ ਸਮੇਂ ਵਿਸਥਾਰਪੂਰਵਕ ਜਾਂਚ ਕੀਤੀ ਗਈ ਪਰ ਦੋਸ਼ੀ ਦੀ ਪਛਾਣ ਨਹੀਂ ਹੋ ਸਕੀ। ਪੀੜਤਾ ਦੋਸ਼ੀ ਨੂੰ ਸਿਰਫ਼ ਇਕ ਛੋਟੇ ਨਾਮ ਨਾਲ ਜਾਣਦੀ ਸੀ, ਜਿਸ ਕਾਰਨ ਜਾਂਚ ਅੱਗੇ ਨਹੀਂ ਵੱਧ ਸਕੀ। ਬਾਅਦ ਵਿੱਚ ਗੰਭੀਰ ਅਪਰਾਧ ਇਕਾਈ ਵੱਲੋਂ ਪੁਰਾਣੇ ਮਾਮਲਿਆਂ ਦੀ ਵਿਸ਼ੇਸ਼ ਸਮੀਖਿਆ ਕੀਤੀ ਗਈ। ਇਸ ਦੌਰਾਨ ਸੰਭਾਲ ਕੇ ਰੱਖੇ ਗਏ ਸਬੂਤਾਂ ਦੀ ਨਵੀਂ ਤਕਨੀਕ ਨਾਲ ਕੀਤੀ ਜਾਂਚ ਵਿੱਚ ਮੇਲ ਮਿਲਾਪ ਸਾਹਮਣੇ ਆਇਆ, ਜਿਸ ਨਾਲ ਦੋਸ਼ੀ ਦੀ ਪਛਾਣ ਹੋ ਗਈ।

ਪੁਲਿਸ ਨੇ ਨਵੰਬਰ 2022 ਵਿੱਚ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਸਮੇਂ ਉਹ ਸਟੋਕ-ਆਨ-ਟਰੈਂਟ ਦੇ ਇਕ ਪਤੇ 'ਤੇ ਰਹਿ ਰਿਹਾ ਸੀ। ਮਾਮਲਾ ਲੂਟਨ ਸਥਿਤ ਤਾਜ ਅਦਾਲਤ ਵਿੱਚ ਪੰਜ ਦਿਨੀ ਸੁਣਵਾਈ ਦੌਰਾਨ ਚੱਲਿਆ, ਜਿੱਥੇ ਅਦਾਲਤ ਨੇ ਉਸਨੂੰ ਦੋਸ਼ੀ ਕਰਾਰ ਦਿੰਦਿਆਂ ਛੇ ਸਾਲ ਕੈਦ ਦੀ ਸਜ਼ਾ ਸੁਣਾਈ। ਨਾਲ ਹੀ ਉਸ 'ਤੇ ਜੀਵਨ ਭਰ ਲਈ ਪੀੜਤਾ ਨਾਲ ਸੰਪਰਕ ਨਾ ਕਰਨ ਦਾ ਹੁਕਮ ਵੀ ਜਾਰੀ ਕੀਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਫੈਸਲਾ ਪੀੜਤਾ ਲਈ ਇਨਸਾਫ ਵੱਲ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਭਾਵੇਂ ਮਾਮਲਾ ਕਿੰਨਾ ਵੀ ਪੁਰਾਣਾ ਕਿਉਂ ਨਾ ਹੋਵੇ, ਵਿਗਿਆਨਕ ਤਕਨੀਕਾਂ ਦੀ ਮਦਦ ਨਾਲ ਦੋਸ਼ੀਆਂ ਨੂੰ ਕਾਨੂੰਨ ਦੇ ਕਟਘਰੇ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਹੋਰ ਪੀੜਤਾਂ ਨੂੰ ਵੀ ਅੱਗੇ ਆ ਕੇ ਸ਼ਿਕਾਇਤ ਦਰਜ ਕਰਵਾਉਣ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਵੱਡੇ ਉਪਰਾਲੇ: ਚੇਅਰਮੈਨ ਜਸਵੀਰ ਸਿੰਘ ਗੜ੍ਹੀ

**●ਵਿਧਾਇਕ ਸੰਤੋਸ਼ ਕਟਾਰੀਆ ਨੇ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ ●ਫਾਈਨਲ ਮੈਚ ਬਲਾਚੌਰ ਸ਼ਹਿਰ ਅਤੇ ਪਿੰਡ ਗੜ੍ਹੀ ਕਾਨੂੰਗੋ ਦੀਆਂ ਟੀਮ ਦਰਮਿਆਨ ਖੇਡਿਆ ਗਿਆ**







**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਬ੍ਰਹਮਚਾਰੀ ਸਪੋਰਟਸ ਐਂਡ ਵੈਲਫੇਅਰ ਯੂਥ ਕਲੱਬ ਵੱਲੋਂ ਬੀ.ਏ.ਵੀ. ਗਰਾਊਂਡ ਬਲਾਚੌਰ ਵਿਖੇ ਕਰਵਾਏ ਜਾ ਰਹੇ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਅੱਜ ਬਲਾਚੌਰ ਸ਼ਹਿਰ ਅਤੇ ਪਿੰਡ ਗੜ੍ਹੀ ਕਾਨੂੰਗੋ ਦੀਆਂ ਟੀਮਾਂ ਦੌਰਾਨ ਖੇਡਿਆ ਗਿਆ। ਫੁੱਟਬਾਲ ਦੇ ਫਾਈਨਲ ਮੈਚ ਦੀ ਸ਼ੁਰੂਆਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਅਤੇ ਵਿਧਾਇਕ ਹਲਕਾ ਬਲਾਚੌਰ ਸ਼੍ਰੀਮਤੀ ਸੰਤੋਸ਼ ਕਟਾਰੀਆ ਵੱਲੋਂ ਕੀਤੀ। ਇਸ ਮੌਕੇ ‘ਤੇ ਬਲਾਚੌਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ, ਧਰਮਿੰਦਰ ਤ੍ਰਿਪਾਠੀ ਐਮ.ਸੀ, ਧਰਮਿੰਦਰ ਮੇਨਕਾ ਐਮ.ਸੀ,ਜਸਵਿੰਦਰ ਸਿਆਣਾ, ਐਸ.ਸੀ ਵਿੰਗ ਦੇ ਤਹਿਸੀਲ ਪ੍ਰਧਾਨ ਕੁਲਦੀਪ ਸਿੰਘ, ਅਜੇ ਕੁਮਾਰ ਐਮ.ਸੀ., ਰਾਧੇ ਸ਼ਾਮ ਐਮ.ਸੀ, ਡਾ. ਸੁਨਿਤਾ ਸ਼ਰਮਾ, ਡਾ. ਭੁਪਿੰਦਰ ਜੀਤ ਸਿੰਘ ਸੂਰੀ, ਸਤਨਾਮ ਸਿੰਘ ਐਨ.ਆਰ.ਆਈ, ਸੁਖਵੀਰ ਕੌਰ ਤਹਿਸੀਲਦਾਰ ਬਲਾਚੌਰ ਆਦਿ ਹਾਜ਼ਰ ਸਨ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰੱਖ ਕੇ ਖੇਡ ਮੈਦਾਨਾਂ ਨਾਲ ਜੋੜਨ ਲਈ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਬੱਚਿਆਂ ਦੇ ਭਵਿੱਖ ਅਤੇ ਉਨ੍ਹਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਪਿੰਡ-ਪਿੰਡ ਸਟੇਡੀਅਮ ਬਣਾਉਣ ਦੀ ਯੋਜਨਾ ਉਲੀਕੀ ਹੈ। ਉਨ੍ਹਾਂ ਨੇ ਪਿੰਡ ਗੜ੍ਹੀ ਕਾਨੂੰਗੋ ਦੀ ਟੀਮ ਨੂੰ 5100 ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਿਹੜੀ ਜੇਤੂ ਟੀਮ ਗੋਲ ਕਰੇਗੀ ਉਸ ਨੂੰ ਵੀ 5100 ਰੁਪਏ ਇਨਾਮ ਰਾਸ਼ੀ ਦਿੱਤੀ ਜਾਵੇਗੀ। ਇਸ ਮੌਕੇ ‘ਤੇ ਵਿਧਾਇਕ ਹਲਕਾ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਨੌਜਵਾਨਾਂ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੂਰੇ ਪੰਜਾਬ ਵਿਚ ਲਗਭਗ 3300 ਦੇ ਕਰੀਬ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਵੱਲੋਂ ਖੇਡ ਮੈਦਾਨ ਲਈ 10 ਲੱਖ ਰੁਪਏ ਦੇਣ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਜਲਦ ਪੂਰਾ ਕਰਕੇ ਗ੍ਰਾਂਟ ਜਾਰੀ ਕੀਤੀ ਜਾਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੂਚੀ ਲੈਣ।

## ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਟੌਂਸਾ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ

**ਰਾਜਸੀ, ਸਮਾਜਿਕ ਅਤੇ ਧਾਰਮਿਕ ਸਖਸ਼ੀਅਤਾਂ ਵਲੋਂ ਉਹਨਾਂ ਦੇ ਪਰਿਵਾਰ ਨਾਲ ਕੀਤਾ ਜਾ ਰਿਹਾ ਹੈ ਦੁੱਖ ਸਾਂਝਾ**



**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਵਾਸੀ ਟੌਂਸਾ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਹਨਾਂ ਦੇ ਅਚਾਨਕ ਵਿਛੋੜੇ ਨਾਲ ਕੇਵਲ ਇੱਕ ਪਰਿਵਾਰ ਨੂੰ ਹੀ ਨਹੀਂ ਬਲਕਿ ਪੂਰੇ ਇਲਾਕੇ ਨੂੰ ਕਦੀ ਨਾ ਪੂਰਿਆਂ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਪੁੱਤਰਾ ਹੰਸ ਰਾਜ ਭਾਟੀਆ ਟੌਂਸਾ ਅਤੇ ਬਿਕਰਮ ਭਾਟੀਆ ਟੌਂਸਾ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਇੰਦਰ ਪ੍ਰਤਾਪ ਐਮ ਐਲ ਏ ਸੁਲਤਾਨਪੁਰ ਲੋਧੀ ਉੱਚੇਚੇ ਤੌਰ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਟੌਂਸਾ ਵਿਖੇ ਪਹੁੰਚੇ ਇਸ ਮੌਕੇ ਉਨ੍ਹਾਂ ਨਾਲ ਵਿੱਕੀ ਚੋਧਰੀ ਸੀਨੀਅਰ ਕਾਂਗਰਸੀ ਆਗੂ ਕਾਠਗੜ੍ਹ, ਕਿਸ਼ਨ ਲਾਲ ਸਾਬਕਾ ਸਰਪੰਚ ਟੌਂਸਾ,ਪ੍ਰਧਾਨ ਸੁਰਿੰਦਰ ਸ਼ਿੰਦਾ ਸੀਨੀਅਰ ਕਾਂਗਰਸੀ ਆਗੂ ਰੈਲਮਾਜਰਾ, ਸੋਨੂੰ ਵਾਈਸ ਪ੍ਰਧਾਨ ਕਾਂਗਰਸ, ਸੇਠੀ ਜਨਰਲ ਸੈਕਟਰੀ ਨਵਾਂਸ਼ਹਿਰ , ਮਨੀਸ਼ ਸਰਪੰਚ ਬਨਾਂ, ਰਵੀ ਕੋਹਲੀ ਆਦਿ ਹਾਜ਼ਰ ਸਨ।

## ਸ਼ਿਵ ਮੰਦਰ ਕਮੇਟੀ ਮਹਿੰਦੀਪੁਰ ਵੱਲੋਂ ਮਹਾਂ ਸ਼ਿਵਰਾਤਰੀ ਸੰਬਧੀ ਸ਼ੋਭਾ ਯਾਤਰਾ ਸਜਾਈ

**ਵਿਧਾਇਕਾ ਸੰਤੋਸ਼ ਕਟਾਰੀਆ, ਕਾਂਗਰਸੀ ਆਗੂ ਅਜੇ ਮੰਗੂਪੁਰ ਤੇ ਹੋਰ ਆਗੂ ਹੋਏ ਸ਼ਾਮਿਲ**









**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )–** ਮਹਾਂ ਸ਼ਿਵਰਾਤਰੀ ਸੰਬਧੀ ਸ਼ਿਵ ਮੰਦਰ ਕਮੇਟੀ ਮਹਿੰਦੀਪੁਰ (ਬਲਾਚੌਰ) ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ, ਜਿਸ ਵਿੱਚ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਨਗਰ ਕੌਂਸਲ ਦੇ ਪ੍ਰਧਾਨ ਲਾਡੀ ਰਾਣਾ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਅਤੇ ਵਰਿੰਦਰ ਕੌਰ ਥਾਂਦੀ, ਅਕਾਲੀ ਆਗੂ ਯਾਦਵਿੰਦਰ ਯਾਦੀ ਚੌਧਰੀ ਤੇ ਭਾਜਪਾ ਆਗੂਆਂ ਵੱਲੋਂ ਵਵੱਖ ਵੱਖ ਰਸਮਾਂ ਦਾ ਉਦਘਾਟਨ ਕੀਤਾ ਗਿਆ ਅਤੇ ਫਿਰ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਏ।ਸ਼ਹਿਰ ਵਿੱਚ ਸ਼ਿਵ ਭਗਤਾਂ ਵੱਲੋਂ ਸ਼ੋਭਾ ਯਾਤਰਾ ਦਾ ਆਂ ਥਾਂ ਤੇ ਨਿੱਘਾ ਸਵਾਗਤ ਕੀਤਾ ਅਤੇ ਵੱਖ ਵੱਖ ਤਰਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ।ਸਮਾਗਮ ਵਿੱਚ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ, ਨਗਰ ਕੌਂਸਲ ਬਲਾਚੌਰ ਦੇ ਸਾਬਕਾ ਪ੍ਰਧਾਨ ਰਾਣਾ ਰਣਦੀਪ ਸਿੰਘ,ਗੁਰਨਾਮ ਚੌਧਰੀ, ਗੁਰਸੇਵਕ ਬਜਾੜ, ਅਕਾਲੀ ਆਗੂ ਰਮਨ ਨੰਦ ਲਾਲ ਚੌਧਰੀ, ਭਾਜਪਾ ਆਗੂ ਨੰਦ ਕਿਸ਼ੋਰ,ਨਰਿੰਦਰ ਸੂਦਨ, ਵਰਿੰਦਰ ਸੈਣੀ, ਰਾਜੂ ਅਨੰਦ,ਮਨੋਹਰ ਲਾਲ ਆਨੰਦ,ਮੋਹਨ ਲਾਲ ਉਹਰੀ,ਰਿੱਕੀ ਬਜਾਜ, ਨਰੇਸ਼ ਚੇਚੀ, ਕੌਂਸਲਰ ਪਰਮਿੰਦਰ ਮੇਨਕਾ,ਰਾਮ-ਪਾਲ ਮਹੇਸ਼ੀ, ਸਾਬਕਾ ਕੌਂਸਲਰ ਸੋਢੀ ਮੰਡੇਰ, ਯਸ਼ਪਾਲ ਸ਼ਰਮਾਂ, ਰਮੇਸ਼ ਧਰਮਾਂ ਲਾਲੀ,ਟੀਨੂੰ ਅਨੰਦ,ਸੰਜੀਵ ਅਨੰਦ,ਪਾਨੀ ਕੁਮਾਰ, ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਕੌਰ ਸਿਆਣ, ਸੁਨੀਤਾ ਸ਼ਰਮਾਂ, ਕੌਂਸਲਰ ਨਿਰਮਲਾ ਰਾਣੀ, ਬਲਜੀਤ ਕੌਰ ਕਾਨ੍ਹਾ, ਪਰਮਿੰਦਰ ਲਾਲੀ, ਜਸਵਿੰਦਰ ਸਿਆਣ, ਗੁਰਪ੍ਰੀਤ ਸੈਣੀ, ਰਾਧੇ ਸ਼ਿਆਮ ਬਿੱਲੂ, ਰਾਮਾ ਧੀਮਾਨ, ਵਿੱਕੀ ਧੀਮਾਨ, ਅਨਿਲ ਕੁਮਾਰ ਬੌਬੀ ਰਾਣਾ, ਰਾਣਾ ਪੁਸ਼ਪਿੰਦਰ ਸਿੰਘ, ਰਾਣਾ ਨਰਿੰਦਰ ਸਿੰਘ, ਨਰੇਸ਼ ਡੋਗਰਾ, ਰਾਣਾ ਮਨਜੀਤ ਸਿੰਘ ਤੇ ਹੋਰ ਹਾਜਿਰ ਸਨ।ਇਸ ਮੌਕੇ ਪਤਵੰਤਿਆਂ ਦਾ ਸਨਮਾਨ ਪ੍ਰਧਾਨ ਲੇਖ ਰਾਜ, ਅਸ਼ੋਕ ਰਾਣਾ ਮਹਿੰਦੀਪੁਰ,ਗੋਲਡੀ ਭਾਰਦਵਾਜ, ਰਾਣਾ ਪ੍ਰਵੀਨ ਕੁਮਾਰ,ਮਹੇਸ਼ ਰਾਣਾ, ਪਵਨ ਕੁਮਾਰ ਸ਼ਰਮਾਂ ਮਹਿੰਦੀਪੁਰ, ਮੰਦਰ ਪੁਜਾਰੀ ਵਿਜੇ ਭਾਰਦਵਾਜ, ਰਮੇਸ਼ ਸ਼ਰਮਾ ਲਾਲੀ ਨੇ ਕੀਤਾ।

# ਦੇਖੇ ਕੁਝ ਐਸੇ ਬੇਈਮਾਨ!

ਦੇਖੇ ਕੁਝ ਐਸੇ ਬੇਈਮਾਨ, ਮੂੰਹ ਖਾਵੇ ਅੱਖਾਂ ਸ਼ਰਮਾਉਣ।
ਖਾਣੇ ਨੂੰ ਦੰਦ ਹੋਰ ਨੇ ਰੱਖੇ, ਲੋਕਾਂ ਤਾਈਂ ਹੋਰ ਦਿਖਾਉਣ।
ਬੇਸ਼ੱਕ ਹੋ ਗਏ ਰੱਜੇ ਪੁੱਜੇ, ਟਾਕੀਆਂ ਲੱਗੇ ਲੀੜੇ ਪਾਉਣ।
ਆਪਣੇ ਹੱਕ ਰਾਖਵੇਂ ਕਰ ਕੇ, ਹੋਰਾਂ ਦੇ ਹੱਕ ਹਥਿਆਉਣ।
ਕੁੰਡੀ ਲਾ ਕੇ ਗੁਸਲਖਾਨੇ ਨੂੰ, ਨੰਗੇ ਹੋ ਮੀਂਹ 'ਚ ਨਹਾਉਣ।
ਹੋਰ ਕੋਈ ਕੁਝ ਨਾ ਕਹੇ, ਆਪੇ ਆਪਣਾ ਮਖੌਲ ਉਡਾਉਣ।
ਝੂਠ ਦੇ ਪਰਦੇ ਥੱਲੇ, ਆਪਣੀ ਅਸਲੀਅਤ ਨੂੰ ਲੁਕਾਉਣ।
ਸਭ ਕੁਝ ਤੇ ਮਿਲਿਆ ਏ, ਹੋਰ ਪਤਾ ਨੀ ਕੀ ਕੁਝ ਚਾਹੁਣ।
ਢਾਹੇ ਚੜ੍ਹ ਉਹਨਾਂ ਦੇ, ਜੋ ਤੁਰਦੇ ਫਿਰਦੇ ਲੂਤੀਆਂ ਲਾਉਣ।
ਖੜਿਆ ਪੈਰਾਂ ਤੇ ਜਾਂਦਾ ਨੀ, ਚੱਲ ਪਏ ਕਿਲ੍ਹੇ ਨੂੰ ਢਾਹੁਣ।
ਬੇਸ਼ਰਮ ਜਿਹੇ ਸਾਧ ਦੇ ਵਾਂਗੂੰ, ਢੀਠ ਹੋ ਮਹਾਨ ਕਹਾਉਣ।
ਜ਼ਮੀਰ ਜੇਕਰ ਜਿਉਂਦੀ ਹੋਵੇ, ਸ਼ਰਮ ਨਾਲ ਡੁੱਬ ਮਰ ਜਾਣ।



ਗੁਰਜਿੰਦਰ ਸਿੰਘ ਸਾਹਦੜਾ
9815302341

# ਉਸ ਦੀਆਂ ਉਹ ਹੀ ਜਾਣੇ

ਇਹ ਸਮੇਂ ਦੀ ਗੱਲ ਸਾਰੀ
ਬਦਲ ਦੇਵੇ ਕਿਸਮਤ ਮਾੜੀ।
ਕਰੇਗਾ ਜੇ ਤੂੰ ਕਿਸੇ ਨਾਲ ਮਾੜਾ
ਛੇਤੀ ਹੀ ਆ ਜਾਣੀ ਤੇਰੀ ਵਾਰੀ॥
ਆਪਣੇ ਹੀ ਗੈਰ ਸਮਝਣ ਲੱਗ ਪੈਣ
ਕੀ ਕਰਨੀ ਕਿਸੇ ਦੂਸਰੇ ਦੀ ਵਫ਼ਾਦਾਰੀ।
ਵਕਤ ਕਿਸੇ ਦਾ ਗੁਲਾਮ ਨਹੀਂ ਗਿੰਦਿਆ
ਤੂੰ ਆਪਣੇ ਆਖਰੀ ਸਮੇਂ ਤੱਕ ਨਾ ਹਾਰੀ॥
ਪਤਾ ਨਹੀਂ ਪੱਲ ਵਿਚ ਕੀ ਕੁਝ ਹੋਣਾ
ਇਹ ਸਭ ਉਪਰ ਵਾਲੇ ਦੀ ਕਲਾਕਾਰੀ।



ਗੁਰਜਿੰਦਰ ਸਿੰਘ ਸਿੱਧੂ
ਜ਼ਿਲ੍ਹਾ ਗੁਰਦਾਸਪੁਰ
ਫੋਨ 062393 31711

# ਬਿਨਾ ਰੰਗਾਂ ਤੋਂ ਤਸਵੀਰ

ਤੇਰੇ ਮੇਰੇ ਵਿਚਕਾਰ ਰਿਸ਼ਤਾ ਕਾਇਮ ਰੱਖਣ ਦਾ
ਕੇਵਲ ਇੱਕੋ- ਇੱਕ ਮਾਧਿਅਮ ਰਿਹਾ-ਟੈਲੀਫ਼ੋਨ
ਇਹਦੀਆਂ ਹਵਾਈ ਤਰੰਗਾਂ ਰਾਹੀਂ
ਬੇ-ਸਬੱਬ,ਬਿਨਾ ਕਿਸੇ ਇਰਾਦਿਓਂ
ਇੱਕ ਦੂਜੇ ਵੱਲ ਖਿੱਚਦੇ ਗਏ,ਵਧਦੇ ਗਏ,
ਕਦੇ,ਕਿਸੇ ਅਹਿਸਾਸ ਦੇ ਡਰ ਤੋਂ ਬਚਨ ਲਈ
ਬੇਮਤਲਬ ਹੱਸਦੇ ਵੀ ਰਹੇ।
ਨਾ ਕੋਈ ਸਾਰਥਕ ਸਾਥ ਸੀ,
ਨਾ ਕੋਈ ਪਾਸ ਸੀ,ਬੱਸ ਇੱਕ ਆਸ ਸੀ।

ਹੁਣ ਇਹ ਸਿਲਸਿਲਾ ਟੁੱਟਣ 'ਤੇ ਮੈਂ ਆਪੇ ਤੋਂ ਪੁੱਛਦੈਂ,
'ਉਹਦੇ ਨਾਲ ਆਖ਼ਿਰ ਇਹ ਵਾਰਤਾਲਾਪੀ-ਰਿਸ਼ਤਾ ਕੀ ਸੀ?
ਇਹ ਬਰਕਰਾਰ ਕਿਉਂ ਨਾ ਰਹਿ ਸਕਿਆ?'

ਮੇਰੇ ਚੇਤੰਨ ਮਨ 'ਚੋਂ,
ਸੋਚ ਪ੍ਰਕਿਰਿਆ ਦੇ ਮੰਥਨ ਦਾ ਪ੍ਰਤੀਕਰਮ ਗੂੰਜਿਆ-
'ਉਦੋਂ ਤਾਂ ਤੂੰ ਕਹਿਣੋਂ ਥੱਕਦਾ ਨਹੀਂ ਸੀ ਹੁੰਦਾ-ਕਿ
ਉਹਦੀਆਂ ਗੱਲਾਂ ਦੀ ਸੁਨਹਿਰੀ ਧੁੱਪ,
ਚਾਨਣੀ ਬਣ ਕੇ ਰੂਹ ਵਿੱਚ ਸਮਾ ਜਾਂਦੀ ਹੈ।
ਮਨ ਦੀ ਹਰ ਨੁੱਕਰ 'ਚ ਫੈਲ ਕੇ ਸਕੂਨ ਬਖ਼ਸ਼ ਜਾਂਦੀ ਹੈ।
ਮੈਂ ਕੀ ਦੱਸਾਂ ?
ਤੇਰੇ ਫ਼ੋਨ 'ਤੇ ਤਾਂ ਮੇਰਾ ਕੋਈ ਜ਼ੋਰ ਨਹੀਂ ਨਾ?'

ਮੈਂ ਕੋਲ ਪਏ ਫ਼ੋਨ ਨੂੰ ਤੱਕਦਾ ਹਾਂ।
ਲਗਦੈ ਜਿਵੇਂ ਉਹ ਇਹਦੇ ਰਾਹੀਂ
ਮੇਰੀ ਸਰੀਰਕ ਇੰਦਰੀਆਂ ਦੀ
ਕੁਲ ਸ਼ਕਤੀ ਉਡਾ ਕੇ ਲੈ ਗਈ ਹੋਵੇ।
ਮੇਰੇ ਕੋਲ ਤਾਂ ਕੇਵਲ ਉਹਦੀ ਆਵਾਜ਼ ਦੀ ਤਸਵੀਰ ਰਹਿ ਗਈ ਹੋਵੇ-
ਬਿਨਾ ਰੰਗਾਂ ਤੋਂ ਤਸਵੀਰ।



ਸੁਰਜੀਤ ਸਿੰਘ ਭੁੱਲਰ

# ਗੀਤ

ਭਾਵੇਂ ਰੰਗ ਦੀ ਕਾਲੀ ਏ ਉਹ
ਪਰ ਏ ਕੇ ਸੰਤਾਲੀ ਏ ਉਹ
ਚਾਰ ਘਰਾਂ ਦੇ ਪਿੰਡ ਆਪਣੇ ਨੂੰ
ਸਮਝੇ ਸ਼ਹਿਰ ਬਰੇਲੀ..
ਪੰਜ ਸੱਤ ਬੰਦੇ ਮਾਰ ਦਿੰਦੀ ਓ
ਅੱਖੀਆਂ ਦੇ ਨਾਲ ਡੇਅਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਅਲੀ....
ਕਦੇ ਜੀਨ ਤੇ, ਕਦੇ ਸ਼ਰਾਰਾ,
ਪਾ ਲੈਂਦੀ ਕਦੇ ਲਹਿੰਗਾ
ਹਰ ਗੱਭਰੂ ਨਾਂ ਜੱਪਦਾ ਉਹਦਾ
ਨੱਖਰਾ ਹੈ ਬੜਾ ਮਹਿੰਗਾ
ਜੁੱਤੀ ਤਿੱਲੇਦਾਰ ਪਾ ਜਾਂਦੀ,
ਸੱਪਣੀ ਵਾਂਗੂੰ ਮੇਹਲੀ..
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਅੱਖੀਆਂ ਦੇ ਨਾਲ ਡੇਅਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਅਲੀ....
ਵੇਖ ਕੇ ਉਹਦਾ ਫੈਸ਼ਨ ਸਾਰੇ
ਬੁੱਢੇ ਠੇਰੇ ਹੱਸਣ
ਲੱਕ ਮਟਕਾਵੇ ਤੁਰਦੀ ਏ ਜਦ
ਵੇਖ ਨਿਸ਼ਾਨੇ ਕੱਸਣ
ਗੁਰਮੀਤ ਡੁਮਾਣਿਆ ਵਾਲੇ ਦੇ
ਉਹ ਜਾਂਦੀ ਦਿਲ ਨਾਲ ਖੇਲ੍ਹੀ..
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਅੱਖੀਆਂ ਦੇ ਨਾਲ ਡੇਅਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਅਲੀ.....



ਗੁਰਮੀਤ ਡੁਮਾਣਾ
ਪਿੰਡ -ਲੋਹੀਆਂ ਖਾਸ
(ਜਲੰਧਰ)
ਸੰਪਰਕ -76528 16074



# ਫੁੱਟਪਾਥਾਂ ਉਪਰ ਨਜਾਇਜ਼ ਕਬਜ਼ੇ, ਟ੍ਰੈਫਿਕ ਪੁਲਿਸ ਚਲਾਨ ਕੱਟਣ ਵਿੱਚ ਮਗ਼ਰੂਰ

**ਬਠਿੰਡਾ ਦੀਪਿਕਾ ਸ਼ਰਮਾ**

ਬਠਿੰਡਾ ਸ਼ਹਿਰ ਵਿੱਚ ਟਰੈਫਿਕ ਦਾ ਮੰਦਾ ਹਾਲ ਹੈ। ਪੈਦਲ ਚਾਲਕਾਂ ਲਈ ਕੇਵਲ ਨਾਮ ਦਾ ਹੀ ਫੁੱਟਪਾਥ ਬਣਿਆ ਹੋਇਆ ਹੈ। ਅਸਲ ਵਿੱਚ ਇਸ ਫੁੱਟਪਾਥ ਦੀ ਵਰਤੋ ਨੂੰ ਤਾਂ ਮਹਿੰਗੇ ਮੁੱਲ ਦੀਆਂ ਕਾਰਾਂ ਜਾਂ ਗਾਹਕਾਂ ਦੇ ਵਾਹਨਾਂ ਨੂੰ ਖੜਾਉਣ ਲਈ ਹੀ ਵਰਤਦੇ ਹਨ। ਜਿਸ ਕਾਰਨ ਰਾਹਗੀਰ ਪਰੇਸ਼ਾਨ ਹੋ ਰਹੇ ਹਨ। ਮਾਮਲਾ ਕੁਝ ਇਸ ਤਰ੍ਹਾਂ ਹੈ ਬਠਿੰਡਾ ਸ਼ਹਿਰ ਦੇ ਭੀੜ - ਭੜਾਕੇ ਵਾਲੇ ਥਾਵਾਂ ਜਿਸ ਵਿੱਚ ਮਾਲ ਰੋਡ, ਜੀ ਟੀ ਰੋਡ, ਬੈਂਕ ਬਾਜ਼ਾਰ ਤੋਂ ਵੀ ਰੇਲਵੇ ਰੋਡ,ਕਿੱਕਰ ਬਜ਼ਾਰ , ਸਿਦਕੀ ਬਜ਼ਾਰ ਤੋਂ ਬਿਨਾਂ ਬੱਸ ਅੱਡੇ ਦੇ ਆਸੇ ਪਾਸੇ ਦਾ ਖੇਤਰ ਸ਼ਾਮਲ ਹੈ। ਇਹਨਾਂ ਥਾਵਾਂ ਉੱਪਰ ਦਿਖਾਵੇ ਲਈ ਭਾਵੇਂ ਫੁੱਟ ਪਾਥ ਪੰਜ ਤੋਂ ਸੱਤ ਫੁੱਟ ਚੌੜੇ ਬਣਾਏ ਗਏ ਹਨ। ਉਹਨਾਂ ਉੱਪਰ ਇੰਟਰਲੋਕ ਟਾਈਲਾਂ ਲਾ ਕੇ ਪੀਲੇ ਰੰਗ ਦੀ



ਲਾਈਨ ਵੀ ਸੜਕ ਉੱਪਰ ਖਿੱਚੀ ਹੋਈ ਹੈ ਪਰ ਇਹ ਸਾਰਾ ਕੁਝ ਸਿਰਫ ਦਿਖਾਵੇ ਵਾਸਤੇ ਹੀ ਹੈ । ਕਿਉਂਕਿ ਇੱਥੇ ਕੋਈ ਵੀ ਰਾਹਗੀਰ ਪੈਦਲ ਤੁਰ ਨਹੀਂ ਸਕਦਾ। ਇਸ ਦਾ ਕਾਰਨ ਇਹ ਹੈ ਕਿ ਇੱਥੇ ਦੁਕਾਨਦਾਰ ਖੁਦ ਹੀ ਆਪਣੇ ਵੱਡੇ ਆਕਾਰ ਦੀਆਂ ਗੱਡੀਆਂ ਅਤੇ ਮੋਟਰਸਾਈਕਲ ਲਗਾ ਲੈਂਦੇ ਹਨ। ਜਿਕਰ ਯੋਗ ਹੈ ਕੁਝ ਡਾਕਟਰਾਂ ਨੇ ਤਾਂ ਸੰਗਲੀ ਲਗਾ ਕੇ ਕੇਵਲ ਆਪਣੇ ਵਾਹਨ ਖੜਉਣ ਲਈ ਗੈਰ ਕਾਨੂੰਨੀ ਤੌਰ ਤੇ ਦੱਬਿਆ ਹੋਇਆ ਹੈ। ਅਜਿਹਾ ਹੀ ਹਾਲ ਮਾਲ ਰੋਡ ਉੱਪਰ, ਬੀ ਟੀ ਰੋਡ ਉੱਪਰ ਵੱਡੇ ਪੱਧਰ ਉਪਰ ਵੇਖਿਆ ਜਾ ਸਕਦਾ। ਹੈਰਾਨੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਇੱਕ ਫੌਜੀ ਟੌਕ ਨਜ਼ਦੀਕ ਬੈਟਰੀਆਂ ਵਾਲੇ ਨੇ ਆਪਣੀਆਂ ਬੈਟਰੀਆਂ ਫੁੱਟਪਾਥ ਤੋਂ ਵੀ ਅਗਾਹ ਲਗਾ ਕੇ ਸ਼ਰੇਆਮ ਫੁੱਟਪਾਥ ਉਪਰ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਅਜਿਹਾ ਕੁਝ ਦੇਖ ਕੇ ਲੱਗਦਾ ਹੈ ਕਿ ਟਰੈਫਕ ਕਰਮਚਾਰੀ ਕੇਵਲ ਸਰਕਾਰ ਨੇ ਚਲਾਨ ਕੱਟਣ ਲਈ ਲਏ ਗਏ ਹਨ, ਰਾਹਗੀਰਾਂ ਲਈ ਉਹਨਾਂ ਨੂੰ ਕੋਈ ਕੋਈ ਡਿਊਟੀ ਨਹੀਂ ਹੈ। ਪੈਦਲ ਰਾਹਗੀਰਾਂ ਨੂੰ ਫੁੱਟਪਾਥਾਂ ਨੂੰ ਖਾਲੀ ਕਰਵਾ ਕੇ ਦੇਣਾ ਟ੍ਰੈਫਿਕ ਪੁਲਿਸ ਅਤੇ ਨਗਰ ਨਿਗਮ ਦੀ ਜ਼ਿੰਮੇਵਾਰੀ ਬਣਦੀ ਹੈ।

# ਚੇਤਨਾ ਦੀ ਯਾਤਰਾ

ਸ਼ਿਵ ਕੋਈ ਦੇਵਤਾ ਨਹੀਂ। ਸ਼ਿਵ ਚੇਤਨਾ ਹੈ, ਚੇਤਨਾ ਵਿੱਚ ਹੀ ਇਕ-ਾਗਰਤਾ ਪੈਦਾ ਹੁੰਦੀ ਹੈ, ਇਕਾਗਰਤਾ ਮਨੁੱਖ ਨੂੰ ਵਿਰਾਗ ਵੱਲ ਲੈ ਕੇ ਜਾਂਦੀ ਹੈ ਅਤੇ ਵਿਰਾਗ, ਮੌਨ ਦੇ ਗਰਭ ਵਿਚਲਾ ਹਨੇਰਾ ਹੈ। ਸੂਰਜ ਹਮੇਸ਼ਾਂ ਹਨੇਰੇ ਵਿੱਚੋਂ ਨਿਕ਼ਲਦਾ ਹੈ। ਗਿਆਨ ਦਾ ਚਿਰਾ਼ਗ ਫੜ ਜਦੋਂ ਸਾਡੀ ਚੇਤਨਾ ਇਕਾ-ਗਰਤਾ ਦੇ ਰਾਹ ਪੈ ਜਾਂਦੀ ਹੈ ਤਾਂ ਆਤਮਾ ਦਾ ਔਰਾ ਸ਼ਿਵਮਯ ਹੋ ਜਾਂਦਾ ਹੈ। ਆਪਣੇ ਹੀ ਸ਼ੋਰ ਤੋਂ ਉਕਤਾਇਆ ਮਨੁੱਖ ਮੌਨ ਦੀ ਬਾਉ਼ਲੀ ਦੀਆਂ ਪੌੜੀਆਂ ਉੱਤਰਦਾ ਹੈ। ਜਿਵੇਂ-ਜਿਵੇਂ ਉਸ ਬਾਉ਼ਲੀ ਦੇ ਗਿਆਨਮਈ ਜਲ ਨਾ਼ਲ ਆਤਮਾ ਇਸ਼ਨਾਨ ਕਰਦੀ ਹੈ ਤਾਂ ਮਨੁੱਖ ਵਾਰ-ਵਾਰ ਉਸ ਅਨੰਦ ਦੀ ਪ੍ਰਾਪਤੀ ਲਈ ਮੌਨ ਵੱਲ ਆਕਰਸ਼ਿਤ ਹੁੰਦਾ ਹੈ। ਮੌਨ ਦੀ ਯਾਤਰਾ ਬਹੁਤ ਲੰਮੀ ਹੈ। ਇਸ ਦੇ ਰਸਤੇ ਵਿੱਚ ਹੀ ਵਿਰਾਗ ਆਉਂਦਾ ਹੈ। ਮੌਨ ਦਾ ਸਫ਼ਰ ਅਕਸਰ ਵਿਰਾਗਮਈ ਹੁੰਦਾ ਹੈ। ਏਸੇ ਲਈ ਸ਼ੂਨਯ ਦੀ ਅਵਸਥਾ ਵਿੱਚ ਮੌਨ ਦਾ ਵਿਰਾਗ ਅਨੰਦ ਵਿੱਚ ਬਦਲ ਜਾਂਦਾ ਹੈ ਅਤੇ ਮਨੁੱਖ ਦਰਸ਼ਕ ਬਣ ਕੇ ਆਪਣੀ ਹੀ ਅਨੰਦਮਈ ਅਵਸਥਾ ਤੋਂ ਕੁਰਬਾਨ ਜਾਂਦਾ ਹੈ। ਏਥੇ ਹੀ 'ਮੈਂ' ਦਾ ਕਿਲ੍ਹਾ ਢਹਿੰਦਾ ਹੈ ਅਤੇ ਸ਼ਿਵ ਦੀ ਹੋਂਦ ਉਜਾਗਰ ਹੁੰਦੀ ਹੈ। ਅਸਲ ਵਿੱਚ ਮਨੁੱਖ ਦਾ ਜਾਗਣਾ ਉਹੀ ਘੜੀ ਤੈ ਕਰਦੀ ਹੈ ਜਦੋਂ ਮਨ ਚੁੱਪ ਹੋ ਜਾਵੇ ਅਤੇ ਮੌਨ ਬੋਲਣ ਲੱਗ ਜਾਵੇ। ਏਥੇ ਹੀ ਸ਼ਿਵ ਕੋਈ ਦੇਵਤਾ ਨਾ ਹੋ ਕੇ ਅਸਤਿਤਵ ਦੀ ਉਹ ਨਿਰਵਿਕਾਰ ਅਵਸਥਾ ਬਣ ਜਾਂਦੀ ਹੈ ਜਿੱਥੇ ਨਾ ਕਰਤਾ ਹੈ, ਨਾ ਕਰਮ, ਨਾ ਫ਼ਲ। ਦਰਸ਼ਨ ਅਨੁਸਾਰ ਇਸ ਨੂੰ 'ਤੁਰੀਆ' ਦੀ ਅਵਸਥਾ ਆਖਦੇ ਹਨ: ਜਾਗਣ, ਸੁਪਨੇ ਅਤੇ ਨੀਂਦ ਤੋਂ ਪਰੇ ਦੀ ਅਵਸਥਾ। ਚਾਨਣ ਵਿੱਚ ਭਟਕਿਆ ਮਨੁੱਖ ਹਨੇਰੇ ਵਿੱਚੋਂ ਵਿਘਟਨ ਦਾ ਰਸਤਾ ਲੱਭਦਾ ਹੋਇਆ, ਮੌਨ ਰਾਹੀਂ ਸੱਚ ਦੀ ਤਲਾਸ਼ ਕਰਦਾ ਹੈ। ਸ਼ਿਵਮਯ ਹੋਣਾ ਉਹ ਅਵਸਥਾ ਹੈ ਜਿਸ ਵਿੱਚ ਵਿਰਾਗ, ਪਿਆਰੇ ਦੇ ਪੈਰਾਂ ਦੀ ਪੈੜ ਦਾ ਉਹ ਚਿੰਨ੍ਹ ਹੈ ਜਿਸ ਵਿੱਚ ਮਨ ਆਕਾਰਾਂ ਤੋਂ ਅਲੱਗ ਹੋ ਕੇ ਅਨੰਤ ਵੱਲ ਨੂੰ ਯਾਤਰਾ ਸ਼ੁਰੂ ਕਰਦਾ ਹੈ। ਸ਼ਿਵ ਦਾ ਵਿਸ਼ ਪੀਣਾ ਉਸ ਦਰਦ ਅਤੇ ਪੀੜਾ ਨੂੰ ਨਿਗਲਣਾ ਹੈ ਜੋ ਸਾਨੂੰ ਵਿਛੋੜੇ ਦੇ ਵਿਰਾਗ ਕਰਕੇ ਮਿ਼ਲੀ ਹੈ। ਇਸ ਵਿਰਾਗਮਈ ਅਵਸਥਾ ਦੇ ਮੌਨ ਨੂੰ ਮਨੁੱਖ ਪਹਿਲੀ ਵਾਰ ਸਾਕਸ਼ੀ ਹੋ ਕੇ ਮਾਣਦਾ ਹੈ ਜਿੱਥੇ ਸ਼ਬਦ ਹਾਰ ਗਏ ਹੋਣ ਅਤੇ ਸੱਚ ਸਾਮ੍ਹਣੇ ਖੜ੍ਹਾ ਹੋਵੇ। ਅਸਲੀ ਮੌਨ ਵਿੱਚ ਨਾ ਕੋਈ ਪ੍ਰਸ਼ਨ ਬਚਦਾ ਹੈ ਤੇ ਨਾ ਹੀ ਉੱਤਰ। ਸਾਡੇ ਅੰਦਰ ਪਲ਼ ਰਹੀ 'ਮੈਂ' ਅਤੇ 'ਹੰਕਾਰ' ਦੀ ਕੁੜੱਤਣ ਨੂੰ, ਵਿਰਾਗ ਦੀ ਕੁੜੱਤਣ ਮਾਰ ਦਿੰਦੀ ਹੈ ਤੇ ਅਸੀਂ ਖਾਰੇ ਤੋਂ ਮਿੱਠੇ ਹੋ ਜਾਂਦੇ ਹਾਂ। ਜਦੋਂ ਵਿਰਾਗ ਦਾ ਸਮੁੰਦਰ ਠਾਠਾਂ ਮਾਰਦਾ ਹੋਵੇ ਤਾਂ ਇੱਛਾਵਾਂ ਅਤੇ ਲਾਲਸਾਵਾਂ ਦਾ ਕੂੜਾ-ਕਰਕਟ ਆਪੇ ਪਾਸੇ ਲੱਗ ਜਾਂਦਾ ਹੈ। ਕਾਇਨਾਤ ਵਿੱਚ ਵੱਸਿਆ ਇਸ਼ਕ ਸ਼ਿਵ ਦੀਆਂ ਜਟਾਵਾਂ ਵਿਚਲਾ ਵਿਰਾਗ ਬਣ ਕੇ ਹੀ ਨੀਲਕੰਠ ਨੂੰ ਦੇਵਾਂ ਦਾ ਮਹਾਂਦੇਵ ਕਰਾਰ ਦਿੰਦਾ ਹੈ। ਇਹ ਯਾਤਰਾ ਬਹੁਤ ਲੰਮੀ ਹੈ। ਇਸ ਵਿੱਚ ਛੋਟਾ ਜਿਹਾ ਇਕ ਪੜਾਅ ਆਉਂਦਾ ਹੈ ਜੋ ਸਾਡੀ ਜ਼ਿੰਦਗੀ ਹੈ। ਅਸੀਂ ਸਭ ਪ੍ਰਸਥਾਨ ਵੱਲ ਨੂੰ ਹਾਂ, ਏਥੇ ਬਸੇਰਾ ਨਹੀਂ ਹੈ।



ਰਿਤੂ ਵਾਸੂਦੇਵ

# ਧਾਰਮਿਕ ਵਿਚਾਰਾਂ ਦੇ ਧਨੀ ਸ਼ਨ ਮਾਤਾ ਪੁਸ਼ਪਾ ਰਾਣੀ ਸੇਠੀ



ਮਾਤਾ ਪੁਸ਼ਪਾ ਰਾਣੀ ਸੇਠੀ ਜਿੰਨ੍ਹਾਂ ਨੂੰ ਮਾਤਾ ਕਰਤਾਰ ਕੌਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ, ਉਹ ਬਹੁਤ ਹੀ ਧਾਰਮਿਕ ਸੁਭਾਅ ਦੇ ਮਾਲਿਕ ਸਨ।

ਆਪ ਜੀ ਦਾ ਜਨਮ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਦੀਆ ਦੇ ਲਾਲਾ ਲੇਖ ਰਾਮ ਸਚਦੇਵ ਦੇ ਘਰ ਮਾਤਾ ਪਰਸਿੰਨੀ ਦੇਵੀ ਦੀ ਕੁੱਖੋਂ ਹੋਇਆ। ਆਪ ਜੀ ਨੇ ਮੁਢਲੀ ਸਿੱਖਿਆ ਪਿੰਡ ਦੇ ਗੁਰੂ ਘਰ ਤੋਂ ਪ੍ਰਾਪਤ ਕੀਤੀ। ਆਪ ਜੀ ਦਾ ਵਿਆਹ ਘੁਮਿਆਰਾ ਪਿੰਡ ਦੇ ਸ੍ਰੀ ਓਮ ਪ੍ਰਕਾਸ਼ ਸੇਠੀ ਨਾਲ ਹੋਇਆ ਜੋ ਮਾਲ ਵਿਭਾਗ ਵਿੱਚ ਪਟਵਾਰੀ ਸਨ ਜੋ ਤਰੱਕੀ ਕਰਦੇ ਹੋਏ ਉਪ ਤਹਿਸੀਲ ਦੇ ਆਹੁਦੇ ਤੱਕ ਪਾਹੁੰਚੇ। ਇਹ ਸਭ ਸੇਠ ਹਾਰਗੁਲਾਲ ਸੇਠੀ ਜੀ ਦੀ ਮਿਹਨਤ ਦਾ ਨਤੀਜਾ ਸੀ। ਸੇਠ ਜੀ ਪਿੰਡ ਦੇ ਧੜਵਾਈ ਵੀ ਤੇ ਇੱਕ ਛੋਟੇ ਕਿਸਾਨ ਵੀ। ਮਾਤਾ ਪੁਸ਼ਪਾ ਰਾਣੀ ਜੀ ਨੇ ਨਰਮੇ ਕਪਾਹਾਂ ਚੁਗਨ ਤੋਂ ਇਲਾਵਾ ਖੇਤੀ ਦਾ ਕੰਮ ਵੀ ਸੰਭਾਲਿਆ। ਮੇਹਨਤੀ ਹੋਣ ਕਰਕੇ ਗਰੀਬੀ ਵਿੱਚ ਹੌਸਲਾ ਨਹੀਂ ਹਾਰਿਆ। ਬੱਚਿਆਂ ਨੂੰ ਹਮੇਸ਼ਾ ਉੱਚੀ ਅਤੇ ਧਾਰਮਿਕ ਸਿੱਖਿਆ ਦਿੱਤੀ। ਆਪ ਜੀ ਦੀ ਸੁਚੱਜੀ ਪਰਵਰਿਸ਼ ਸਦਕਾ ਆਪ ਜੀ ਦੀ ਔਲਾਦ ਵੱਡੇ ਅਹੁਦਿਆਂ ਤੇ ਪੁੱਜੀ।

ਆਪ ਜੀ ਦਾ ਵੱਡਾ ਬੇਟਾ ਰਮੇਸ਼ ਸੇਠੀ ਪਿੰਡ ਬਾਦਲ ਦੇ ਸਕੂਲ ਚੋ ਬਤੌਰ ਸੁਪਰਡੈਂਟ ਸੇਵਾਮੁਕਤ ਹੋਇਆ। ਜੋ ਇੱਕ ਸਾਹਿਤਕਾਰ ਵਜੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ। ਛੋਟਾ ਬੇਟਾ ਅਸ਼ੋਕ ਸੇਠੀ ਪੱਤਰਕਾਰ ਬਣਕੇ ਸਮਾਜ ਸੇਵਾ ਕਰ ਰਿਹਾ ਹੈ। ਆਪ ਜੀ ਦਾ ਪੋਤਾ ਨਵਗੀਤ ਸੇਠੀ ਭਾਰਤੀ ਤੇਲ ਨਿਗਮ ਲਿਮਟਿਡ ਵਿੱਚ ਸੀਨੀਅਰ ਮੈਨੇਜਰ ਵਜੋਂ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਮਾਤਾ ਪੁਸ਼ਪਾ ਰਾਣੀ ਸੇਠੀ ਸ਼ੁਰੂ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਆਪ ਸੰਤ ਮੱਤ ਦੇ ਪੁਜਾਰੀ ਸਨ। ਗਰੀਬਾਂ ਪ੍ਰਤੀ ਆਪ ਜੀ ਨੂੰ ਬਹੁਤ ਸਨੇਹ ਸੀ। ਉਹ ਹਰ ਪਲ ਦੁਖੀਆਂ ਦੀ ਸਹਾਇਤਾ ਲਈ ਤਿਆਰ ਰਹਿੰਦੇ। ਗਰੀਬ ਲੜਕੀਆਂ ਦੀ ਸ਼ਾਦੀ ਵਿੱਚ ਸਹਿਯੋਗ ਕਰਦੇ। ਆਪ ਜੀ ਦੀ ਇੱਛਾ ਨੂੰ ਮੁੱਖ ਰੱਖਦੇ ਹੋਏ 16 ਫਰਬਰੀ 2012 ਨੂੰ ਮਿਰਤੂ ਉਪਰੰਤ ਪਰਿਵਾਰ ਨੇ ਆਪ ਜੀ ਦੀਆਂ ਅੱਖਾਂ ਦਾਨ ਕਰਕੇ ਦੋ ਦ੍ਰਿਸ਼ਟੀ ਹੀਣ ਵਿਅਕਤੀਆਂ ਨੂੰ ਨਵੀਂ ਰੋਸ਼ਨੀ ਦਿੱਤੀ। ਹਰ ਸਾਲ 16 ਫਰਬਰੀ ਓਹਨਾ ਦੀ ਬਰਸੀ ਦਾ ਦਿਨ ਪਰਿਵਾਰ ਵੱਲੋਂ ਸਮਾਜਿਕ ਸੰਸਥਾਵਾਂ ਨਾਲ ਮਿਲਕੇ ਮਨਾਇਆ ਜਾਂਦਾ ਹੈ।



ਰਮੇਸ਼ਵਰ ਸਿੰਘ

## ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਜੀ ਨੂੰ ਸਦਮਾ

ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੂੰ ਉਸ ਵੇ਼ਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਵੱਡੇ ਭੈਣ ਜੀ ਸ਼੍ਰੀ ਮਤੀ ਬਿਮਲਾ ਦੇਵੀ ( 90 ) ਸੁਪਤਨੀ ਸਵ. ਕ੍ਰਿਸ਼ਨ ਕੁਮਾਰ ਸ਼ਰਮਾ ਅਚਾਨਕ ਸੰਖੇਪ ਜਿਹੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ ।



ਉਨ੍ਹਾਂ ਦੀਆਂ ਅੰਤਿਮ ਰਸਮਾਂ ਅਤੇ ਦਾਹ ਸੰਸਕਾਰ ਅੱਜ 15 ਫ਼ਰਵਰੀ ਐਤਵਾਰ ਨੂੰ ਸੁਨਾਮ ਵਿਖੇ ਕੀਤਾ ਗਿਆ , ਫੁੱਲਾਂ ਦੀ ਰਸਮ 17 ਫ਼ਰਵਰੀ ਮੰਗਲਵਾਰ ਨੂੰ ਅਤੇ ਉਨ੍ਹਾਂ ਨਮਿਤ ਰੱਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ 24 ਫ਼ਰਵਰੀ ਮੰਗਲਵਾਰ ਨੂੰ ਸ਼੍ਰੀ ਗੁਰੂਦੁਆਰਾ ਸਾਹਿਬ ਸਿੰਘ ਸਭਾ ਮੋਰਾਂਵਾਲੀ ( ਸੁਨਾਮ ) ਵਿਖੇ ਬਾਅਦ ਦੁਪਹਿਰ 01 ਵਜੇ ਹੋਵੇਗੀ ।

## ਮੀਰਪੁਰ ਜੱਟਾਂ ਵਿਖੇ ਆਯੁਰਵੈਦਿਕ ਤੇ ਹੋਮਿਓਪੈਥੀ ਵਿਭਾਗ ਵੱਲੋਂ ਲਗਾਇਆ ਗਿਆ ਫਰੀ ਮੈਡੀਕਲ ਕੈਂਪ



**ਪਿੰਡ ਮੀਰਪੁਰ ਜੱਟਾਂ ਵਿਖੇ ਆਯੁਰਵੈਦਿਕ ਤੇ ਹੋਮਿਓਪੈਥੀ ਵਿਭਾਗ ਵੱਲੋਂ ਲਗਾਏ ਗਏ ਫਰੀ ਮੈਡੀਕਲ ਕੈਂਪ ਦੌਰਾਨ ਸਟਾਫ ਤੇ ਪਿੰਡ ਵਾਸੀ।**

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਆਯੂਸ਼ ਕਮਿਸ਼ਨਰ ਪੰਜਾਬ, ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਅਤੇ ਮੁਖੀ ਹੋਮਿਓਪੈਥੀ ਪੰਜਾਬ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਡਾ. ਸਰਬਜੀਤ ਕੌਰ, ਜਿਲ੍ਹਾਂ ਹੋਮਿਓਪੈਥੀ ਅਫਸਰ ਡਾ. ਰਾਜੀਵ ਜਿੰਦੀਆ ਦੀ ਯੋਗ ਅਗਵਾਈ ਵਿੱਚ ਗੁਰਦਵਾਰਾ ਸਿੰਘ ਸਭਾ ਪਿੰਡ ਮੀਰਪੁਰ ਜੱਟਾਂ ਵਿਖੇ 14 ਫਰਵਰੀ ਨੂੰ ਫਰੀ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ ਜਿਸ ਦਾ ਉਦਘਾਟਨ ਗੁਰਨਾਮ ਸਿੰਘ ਕਮੇਟੀ ਪ੍ਰਧਾਨ ਅਤੇ ਪੰਚਾਇਤ ਮੈਂਬਰਾਂ ਵੱਲੋਂ ਕੀਤਾ ਗਿਆ । ਇਸ ਕੈਂਪ ਵਿੱਚ ਡਾ. ਰਜਨੀਸ਼ ਕੁਮਾਰ ਅਤੇ ਡਾ. ਜਯੋਤੀ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਆਯੁਰਵੇਦ ਦਵਾਈਆਂ ਦਿੱਤੀਆਂ ਗਈਆਂ ਅਤੇ ਇਸੇ ਤਰ੍ਹਾਂ ਹੋਮਿਓਪੈਥੀ ਵਿਭਾਗ ਦੇ ਡਾ. ਹਰਦੀਪ ਸਿੰਘ ਅਤੇ ਡਾ. ਅਮਰਿੰਦਰ ਸਿੰਘ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਲੋੜਵੰਦ ਮਰੀਜ਼ਾਂ ਨੂੰ ਹੋਮਿਓਪੈਥੀ ਦਵਾਈਆਂ ਦਿੱਤੀਆਂ ਗਈਆਂ। ਦੋਵੇਂ ਵਿਭਾਗਾਂ ਦੇ ਫਾਰਮਾਸਿਸਟ ਜਗਰੂਪ ਸਿੰਘ ਅਤੇ ਰਜਨੀਸ਼ ਸ਼ਰਮਾ ਵੱਲੋਂ ਮਰੀਜ਼ਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। ਇਸ ਫਰੀ ਮੈਡੀਕਲ ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਵੱਲੋਂ 458 ਅਤੇ ਹੋਮਿਓਪੈਥੀ ਵਿਭਾਗ ਵੱਲੋਂ 363 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਕੈਂਪ ਦੇ ਇੰਚਾਰਜ ਡਾ. ਸ਼ੁਭਕਾਮਨਾ ਵੱਲੋਂ ਮਰੀਜ਼ਾਂ ਨੂੰ ਜਿੱਥੇ ਆਯੁਰਵੇਦ ਅਤੇ ਯੋਗ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ ਉੱਥੇ ਹੀ ਜਰੂਰੀ ਪਰਹੇਜ਼ ਅਤੇ ਫਲ, ਸਬਜ਼ੀਆਂ ਦੇ ਨਾਲ-ਨਾਲ ਚੰਗੀ ਖੁਰਾਕ ਤੇ ਸਾਫ ਸਫਾਈ ਉੱਤੇ ਵੀ ਜੋਰ ਦਿੱਤਾ ਗਿਆ। ਇਸ ਮੌਕੇ ਜਸਪਾਲ ਸਿੰਘ, ਜਸਵਿੰਦਰ ਸਿੰਘ, ਮੋਹਨ ਸਿੰਘ, ਸ਼ੀਸ਼ਨ ਸਿੰਘ, ਇਕਬਾਲ ਸਿੰਘ, ਵੀਰ ਸਿੰਘ, ਦੀਪਕ, ਵਿਨੈ ਆਦ ਤੋਂ ਇਲਾਵਾ ਹੋਰ ਵੀ ਪਿੰਡ ਦੇ ਪਤਵੰਤੇ ਸੱਜਣ ਤੇ ਵਸਨੀ ਹਾਜ਼ਰ ਸਨ।

# ਪ੍ਰੈਸ ਦੀ ਆਜ਼ਾਦੀ

"ਪਾਪਾ ਜੀ ਵੀ ਤਮਲੇ ਹੀ ਹਨ। ਸਾਲਾ ਦਿਨ ਖਬਲਾਂ ਹੀ ਖਬਲਾਂ ਸੁਣਦੇ ਲੈਂਦੇ ਹਨ।" ਜਦੋਂ ਵੀ ਮੇਰੇ ਪਾਪਾ ਜੀ ਟੀਵੀ ਤੇ ਖਬਰਾਂ ਸੁਣਦੇ ਤਾਂ ਮੇਰਾ ਭਤੀਜਾ ਮਣੀ ਅਕਸਰ ਗੁੱਸੇ ਚ ਇਹੀ ਕਹਿੰਦਾ। ਜੁਆਕਾਂ ਨੂੰ ਸੀਰੀਅਲ ਦਾ ਚਸਕਾ ਹੁੰਦਾ ਸੀ ਤੇ ਸਿਆਣਿਆਂ ਨੂੰ ਖਬਰਾਂ ਦਾ। ਖੈਰ ਓਦੋਂ ਖਬਰਾਂ ਹੀ ਹੁੰਦੀਆਂ ਸਨ ਜਾਣਕਾਰੀ ਦਾ ਸੋਰਸ। ਪੱਤਰਕਾਰ ਖਬਰਾਂ ਵੀ ਖੋਜਬੀਣ ਕਰਕੇ ਲਿਆਉਂਦੇ ਸਨ। ਵੱਡੇ ਵੱਡੇ ਸਕੈਂਡਲ, ਹਾਦਸੇ ਤੇ ਅੰਦਰੂਨੀ ਖਬਰਾਂ। ਉਹ ਗੱਲ ਦੀ ਤਹਿ ਤੱਕ ਜਾਂਦੇ। ਉਦੋਂ ਜਿਹੇ ਹੀ ਤਹਿਲਕਾ ਕਾਂਡ ਨੇ ਪੂਰੀ ਖਲਬਲੀ ਮਚਾਈ ਸੀ। ਟੀਵੀ ਹੀ ਨਹੀਂ ਅਖਬਾਰ ਵੀ ਗਰਮ ਗਰਮ ਖਬਰਾਂ ਨਾਲ ਭਰੇ ਮਿਲਦੇ ਸਨ। ਤਾਹੀਓਂ ਤਾਂ ਇੰਦਰਾ ਗਾਂਧੀ ਮੀਡੀਆ ਤੇ ਸੈਂਸਰਸ਼ਿਪ ਲਾਉਣ ਦੀ ਗਲਤੀ ਕੀਤੀ ਸੀ। ਜਿਸ ਦਾ ਉਸਨੂੰ ਭਾਰੀ ਖਮਿਆਜਾ ਭੁਗਤਣਾ ਪਿਆ। ਹੋਲੀ ਹੋਲੀ ਟੀਵੀ ਚੈੱਨਲ ਵੱਧ ਗਏ। ਕਈ ਚੈੱਨਲ ਸਿਰਫ ਖਬਰਾਂ ਹੀ ਸਣਾਉਂਦੇ ਸਾਰਾ ਦਿਨ । ਇਸ ਨਾਲ ਸ਼ਾਮੀ ਸਾਢੇ ਸੱਤ ਵਾਲੀਆਂ ਤੇ ਰਾਤੀ ਨੋ ਵਾਲੀਆਂ ਖਬਰਾਂ ਦਾ ਕਰੇਜ ਖਤਮ ਹੋ ਗਿਆ। ਹੁਣ ਸਾਰੇ ਚੈੱਨਲ ਹੀ ਪ੍ਰਾਈਵੇਟ ਹੋਗੇ। ਖਬਰਾਂ ਵਾਲੇ ਵੀ ਤੇ ਲਗਭਗ ਸਾਰੇ ਹੀ ਵੱਡੇ ਉਦਯੋਗਿਕ ਘਰਾਣਿਆਂ ਨੇ ਖਰੀਦ ਲਏ। ਇਹ ਘਰਾਣੇ ਸਰਕਾਰੀ ਬੋ਼ਲੀ ਬੋਲਣ ਵਾਲੇ ਹਨ। ਹੁਣ ਖਬਰਾਂ ਤੇ ਸੈਂਸਰ ਲਾਉਣ ਦੀ ਜਰੂਰਤ ਹੀ ਨਹੀਂ। ਖਬਰ ਬਾਹਰ ਹੀ ਉਹ ਆਉਂਦੀ ਹੈ ਜੋ ਸੱਤਾ ਧਿਰ ਚਾਹੁੰਦੀ ਹੈ। ਮਤਲਬ ਇਹ ਸਾਰੇ ਚੈੱਨਲ ਸੱਤਾ ਪੱਖ ਦੀ ਬੋ਼ਲੀ ਬੋਲਦੇ ਹਨ। ਪਤਰਕਾਰ ਅਗਲੇ ਦੇ ਮੂੰਹ ਵਿੱਚ ਮਾਇਕ ਤੁੰਨਕੇ ਆਪਣੀ ਗੱਲ ਅਖਵਾਉਂਦੇ ਹਨ। ਐਸ ਪੀ ਸਿੰਘ ਰਵੀਸ਼ ਕੁਮਾਰ ਵਰਗੇ ਪਤਰਕਾਰਾਂ ਦਾ ਯੁੱਗ ਖਤਮ ਹੋ ਗਿਆ। ਹੁਣ ਟੀਵੀ ਰਿਪੋਰਟਰ ਦਾ ਮਤਲਬ ਕਰੋੜਾਂ ਦੀ ਪੂੰਜੀ ਦਾ ਮਾਲਿਕ ਹੋ ਗਿਆ।

ਇੱਥੇ ਹੀ ਬੱਸ ਨਹੀਂ ਹੁਣ ਇਹ੍ਹਨਾਂ ਖਬਰੀ ਪਤਰਕਾਰਾਂ ਦੀ ਇੱਕ ਨਵੀਂ ਪ੍ਰਜਾਤੀ ਪੈਦਾ ਹੋ ਗਈ ਹੈ ਜੋ ਹੱਥ ਵਿੱਚ ਪੁਰਾਣਾ ਜਿਹਾ ਮੋਬਾਇਲ ਤੇ ਮਾਇਕ ਲੈਕੇ ਹਰ ਜਗ੍ਹਾ ਹਾਜਰ ਹੁੰਦੇ ਹਨ। ਜਿੰਨਾਂ ਨੇ ਆਪਣਾ ਹੀ ਨਿਊਜ਼ ਚੈੱਨਲ ਬਣਾਇਆ ਹੁੰਦਾ ਹੈ। ਓਹਨਾ ਨੂੰ ਕਿਸੇ ਸੀਰੀਅਸ ਖਬਰ ਯ ਕਿਸੇ ਜਵਾਨ ਮੌਤ ਦਾ ਦੁੱਖ ਨਹੀਂ ਹੁੰਦਾ ਬੱਸ ਉਹ ਤੇ ਆਪਣੇ ਚੈੱਨਲ ਲਾਇਕ ਕਰੋ, ਕੋਮੈਂਟ ਕਰੋ ਤੇ ਸਬਸਕਰਾਇਬ ਕਰੋ ਦਾ ਹੀ ਫਿਕਰ ਹੁੰਦਾ ਹੈ। ਉਹ ਬੈੱਲ ਵਾਲਾ ਆਈਕੋਨ ਦਬਾਉਣ ਨੂੰ ਵੀ ਕਹਿੰਦੇ ਹਨ। ਅਜਿਹੇ ਪਤਰਕਾਰਾਂ ਨੂੰ ਆਪਣੇ ਪੇਸ਼ੇ ਦਾ ਊੜਾ ਐੜਾ ਵੀ ਨਹੀਂ ਆਉਂਦਾ। ਇਹ੍ਹਨਾਂ ਪਤਰਕਾਰਾਂ ਦੀ ਗਿਣਤੀ ਸ਼ਹਿਰ ਵਿਚਲੀਆਂ ਫਾਸਟ ਫੂਡ ਦੀਆਂ ਰੇਹੜੀਆਂ ਵਾਂਗੂ ਦਿਨ ਬਦਿਨ ਵੱਧ ਰਹੀ ਹੈ।

ਬੀਤੇ ਦਿਨੀ ਵਿਰਾਸਤੀ ਮੇਲੇ ਦੀ ਕਵਰੇਜ ਕਰਨ ਆਏ ਇੱਕ ਅਖੌਤੀ ਪਤਰਕਾਰ ਨੂੰ 'ਮੁਕਲ-ਾਵਾ' ਸ਼ਬਦ ਦਾ ਹੀ ਗਿਆਨ ਨਹੀਂ ਸੀ। ਦਰਸ਼ਕਾਂ ਦੇ ਦੱਸਣ ਤੇ ਵੀ ਉਹ ਮੁਕਲਾਵੇ ਨੂੰ ਮੁਲਕਾਵਾ ਹੀ ਬੋਲਦਾ ਰਿਹਾ। ਉਸਨੂੰ ਇਹ ਵੀ ਜਾਣਕਾਰੀ ਨਹੀਂ ਸੀ ਕਿ ਡਾਲਰ ਤੇ ਪੌਂਡ ਕਿਸ ਦੇਸ਼ ਦੀ ਕਰੰਸੀ ਹਨ। ਉਹ ਸਾਈਪਰਸ ਨੂੰ ਕਾਈਪਰਸ ਬੋਲਦਾ ਸੀ।

ਹੁਣ ਅਜਿਹੀਆਂ ਬੇਤੁਕੀਆਂ ਖਬਰਾਂ ਸੁਣਨ ਵਾਲਾ ਤਮਲਾ ਨਹੀਂ ਤਾਂ ਹੋਰ ਕੀ ਹੋਵੇਗਾ। ਅੱਜ ਤੀਹ ਬੱਤੀ ਸਾਲਾਂ ਬਾਅਦ ਲੱਗਦਾ ਹੈ ਕਿ ਮੇਰਾ ਭਤੀਜਾ ਠੀਕ ਹੀ ਕਹਿੰਦਾ ਸੀ।



**ਰਮੇਸ਼ ਸੇਠੀ ਬਾਦਲ**

## ਸੇਵੀਅਰ ਕਲੱਬ (ਰਜਿ.) ਵੱਲੋਂ ਸਫਾਈ ਮੁਹਿੰਮ ਦਾ ਆਗਾਜ਼

**ਪਟਿਆਲਾ ।** ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ ‘ਤੇ ਸੇਵੀਅਰ ਕਲੱਬ (ਰਜਿ.) ਪਟਿਆਲਾ ਦੇ ਮੈਂਬਰਾਂ ਵੱਲੋਂ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦੀ ਸ਼ੁਰੂਆਤ ਮਹਾਰਾਜਾ ਯਾਦਵਿੰਦਰਾ ਇਨਕਲੇਵ (ਨਾਭਾ ਰੋਡ) ਦੇ ਮੇਨ ਗੇਟ ਦੇ ਨਾਲ ਬਣੀ ਨਵੀਂ ਮਾਰਕੀਟ ਦੇ ਖੇਤਰ ਤੋਂ ਕੀਤੀ ਗਈ। ਇਸ ਤੋਂ ਬਾਅਦ ਕਲੱਬ ਦੇ ਮੈਂਬਰ ਕਾਲੋਨੀ ਅਤੇ ਮੇਨ ਗੇਟ ਦੇ ਸਾਹਮਣੇ ਸਥਿਤ ਅਬਲੋਵਾਲ (ਨਾਭਾ ਰੋਡ) ਦੀ ਪੁਲੀ ‘ਤੇ ਪਹੁੰਚੇ, ਜਿੱਥੇ ਪਲਾਸਟਿਕ ਦੇ ਲਿਫਾਫੇ, ਬੇਕਾਰ ਪਲਾਸਟਿਕ ਸਮੱਗਰੀ ਅਤੇ ਹੋਰ ਕੂੜਾ-ਕਰਕਟ ਨੂੰ ਵੱਡੇ ਥੈਲਿਆਂ ਵਿੱਚ ਇਕੱਠਾ ਕੀਤਾ ਗਿਆ। ਇਹ ਸਫਾਈ ਅਭਿਆਨ ਲਗਭਗ ਦੋ ਘੰਟਿਆਂ ਤੱਕ ਲਗਾਤਾਰ ਚੱਲਦਾ ਰਿਹਾ। ਇਸ ਦੌਰਾਨ ਅਬਲੋਵਾਲ ਦੇ ਐਮਸੀ ਸੁਖਬੀਰ ਸਿੰਘ ਨੇ ਅਭਿਆਨ ਵਿੱਚ ਸ਼ਿਰਕਤ ਕਰਦੇ ਹੋਏ ਕਲੱਬ ਦੇ ਇਸ ਉਪਰਾਲੇ ਦੀ ਸਰਾਹਨਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ



ਪ੍ਰਸ਼ਾਸਨ ਅਤੇ ਜਨਤਾ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਵੱਡੇ ਪੱਧਰ ‘ਤੇ ਸਫਾਈ ਮੁਹਿੰਮ ਚਲਾਈ ਜਾਵੇਗੀ। ਅਬਲੋਵਾਲ ਤੋਂ ਭਾਖੜਾ ਨਹਿਰ ਤੱਕ ਫੈਲੀ ਗੰਦਗੀ ਨੂੰ ਦੂਰ ਕਰਕੇ ਇਲਾਕੇ ਦੀ ਕਾਇਆ-ਕਲਪ ਕੀਤੀ ਜਾਵੇਗੀ। ਇਕੱਠੇ ਕੀਤੇ ਗਏ ਸਾਰੇ ਕੂੜੇ ਨੂੰ ਪੰਜਾਬੀ ਬਾਗ ਦੇ ਡੰਪ ਵਿੱਚ ਪਹੁੰਚਾ ਕੇ ਉਸ ਦਾ ਢੰਗ ਨਾਲ ਨਿਪਟਾਰਾ ਕੀਤਾ ਗਿਆ। ਇਸ ਸਫਾਈ ਮੁਹਿੰਮ ਵਿੱਚ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ ਅਤੇ ਹਰਸਿਮਰ ਕੌਰ ਸਮੇਤ ਹੋਰ ਮੈਂਬਰਾਂ ਨੇ ਭਾਗ ਲਿਆ। ਕਲੱਬ ਦੇ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਹ ਸਫਾਈ ਮੁਹਿੰਮ ਹਰ ਐਤਵਾਰ ਦੋ ਘੰਟਿਆਂ ਲਈ ਨਿਰੰਤਰ ਜਾਰੀ ਰਹੇਗੀ। ਇਸ ਤੋਂ ਇਲਾਵਾ ਇਲਾਕੇ ਦੀ ਸੁੰਦਰਤਾ ਵਧਾਉਣ ਲਈ ਸਜਾਵਟੀ ਅਤੇ ਪੱਕੇ ਬੂਟੇ ਲਗਾਉਣ ਦੀ ਯੋਜਨਾ ਵੀ ਬਣਾਈ ਗਈ ਹੈ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(FREE CONSULTATION)



MANJEET SINGH KHANBA
Award Winner 1999, 2001 & 2005
(2 Awards) BSYA

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ:

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ:

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRL.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (BRUISES) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRL.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਸੀਪੀਐਫ ਕਰਮਚਾਰੀ ਯੂਨੀਅਨ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ 19 ਫਰਵਰੀ ਨੂੰ ਦਿੱਤਾ ਜਾਵੇਗਾ ਜ਼ਿਲ੍ਹਾ ਪੱਧਰੀ ਧਰਨਾ

**ਮਾਨਸਾ (ਚਾਨਣਦੀਪ ਸਿੰਘ ਔਲਖ)** ਸੀਪੀਐਫ ਕਰਮਚਾਰੀ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ ਸਾਲ 2004 ਤੋਂ ਬਾਅਦ ਸੇਵਾ ਵਿੱਚ ਆਏ ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਮੁੜ ਚਾਲੂ ਕਰਵਾਉਣ ਦੀ ਮੰਗ ਤਹਿਤ 19 ਫਰਵਰੀ ਨੂੰ ਜ਼ਿਲ੍ਹਾ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਬੰਧੀ ਹੋਈ ਇਕੱਤਰਤਾ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਮਲਕੀਤ ਸਿੰਘ ਨੇ ਦੱਸਿਆ ਕਿ ਮੌਜੂਦਾ ਨਵੀਂ ਪੈਨਸ਼ਨ ਸਕੀਮ ਮੁਲਾਜ਼ਮਾਂ ਦੇ ਭਵਿੱਖ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਕਰਨ ਵਿੱਚ ਅਸਮਰਥ ਹੈ। ਆਗੂਆਂ ਨੇ ਕਿਹਾ ਕਿ 2004 ਤੋਂ ਬਾਅਦ ਨਿਯੁਕਤ ਹੋਏ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਦੇ ਲਾਭ ਤੋਂ ਵਾਂਝੇ ਰੱਖਣਾ ਗਲਤ ਹੈ। ਯੂਨੀਅਨ ਦੀ ਮੰਗ ਹੈ ਕਿ ਸਰਕਾਰ ਮੁਲਾਜ਼ਮਾਂ ਦੀਆਂ ਲੋੜਾਂ ਅਤੇ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਪੁਰਾਣੀ ਪੈਨਸ਼ਨ ਪ੍ਰਣਾਲੀ ਲਾਗੂ ਕਰੇ ਤਾਂ ਜੋ ਸੇਵਾਮੁਕਤੀ ਤੋਂ ਬਾਅਦ ਉਹ ਸਨਮਾਨਜਨਕ ਜੀਵਨ ਜੀਅ ਸਕਣ। ਯੂਨੀਅਨ ਆਗੂਆਂ ਮੁਤਾਬਕ 19 ਫਰਵਰੀ ਦੇ ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਮੁਲ-ਾਜ਼ਮ ਇਕੱਠੇ ਹੋਣਗੇ ਤਾਂ ਜੋ ਆਪਣੇ ਹੱਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ ਸਮੂਹ ਕਰਮਚਾਰੀਆਂ ਨੂੰ ਇਸ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਲਾਲ ਸਿੰਘ, ਜਸਵਿੰਦਰ ਕੁਮਾਰ, ਹਰਵਿੰਦਰ ਸਿੰਘ, ਜਸਕਰਨ ਸਿੰਘ, ਗੁਰਦਾਸ ਸਿੰਘ, ਹਰਪ੍ਰੀਤ ਸਿੰਘ, ਚਾਨਣਦੀਪ ਸਿੰਘ, ਜਸ਼ਨਦੀਪ ਸਿੰਘ ਅਤੇ ਰਸਦੀਪ ਸਿੰਘ ਵੀ ਮੌਜੂਦ ਸਨ।



ਬਾਲ ਭਵਨ ਮਾਨਸਾ ਵਿਖੇ ਧਰਨੇ ਦੀ ਤਿਆਰੀ ਸਬੰਧੀ ਇਕੱਤਰਤਾ ਮੌਕੇ ਸੀਪੀਐਫ ਕਰਮਚਾਰੀ ਯੂਨੀਅਨ ਦੇ ਆਗੂ।

## ਹਵਾਈ ਯਾਤਰੀਆਂ ਦੀ ਜਾਨ ਨਾਲ ਖੇਡ ਰਹੀ ਹੈ ਭਾਰਤ ਸਰਕਾਰ-ਸੋਮ ਦੱਤ ਸੋਮੀ

### ਏਅਰ ਇੰਡੀਆ ਐਕਸਪ੍ਰੈੱਸ ਤੇ ਇੰਡੀਗੋ ਦੇ 82 ਪ੍ਰੀਥਸਤ ਜਹਾਜ਼ਾਂ 'ਚ ਤਕਨੀਕੀ ਖਰਾਬੀ



**ਫਿਲੌਰ/ਅੱਪਰਾ, (ਦੀਪਾ)**-ਅੱਜ ਅੱਪਰਾ ਵਿਖੇ ਪ੍ਰੈੱਸ ਨੋਟ ਜਾਰੀ ਕਰਦਿਆਂ ਸੋਮ ਦੱਤ ਸੋਮੀ ਕੋ-ਚੇਅਰਮੈਨ ਐੱਸ. ਸੀ ਡਿਪਾਰਟਮੈਂਟ ਜਿਲਾ ਜਲੰਧਰ ਦਿਤਾਹੀ ਕਾਂਗਰਸ ਨੇ ਕਿਹਾ ਕਿ ਭਾਰਤ ਸਰਕਾਰ ਹਵਾਈ ਯਾਤਰੀਆਂ ਦੀ ਜਾਨ ਨਾਲ ਖੇਡ ਰਹੀ ਹੈ । ਏਅਰ ਇੰਡੀਆ ਐਕਸਪ੍ਰੈੱਸ ਦਾ ਜਹਾਜ਼ ਭਾਰਤ ਤੋਂ ਯੂ. ਕੇ ਜਾ ਰਿਹਾ ਸੀ । ਪਾਇਲਟ ਦੁਆਰਾ ਦੱਸਿਆ ਗਿਆ ਗਿਆ ਕਿ ਜਹਾਜ਼ ਦਾ ਫਿਊਲ ਕੰਟਰੋਲ ਸਵਿੱਚ ਬੰਦ ਹੋ ਗਿਆ ਹੈ । ਇਸ ਦੇ ਬਾਵਜੂਦ ਉਡਾਨ ਭਰੀ ਗਈ । ਬ੍ਰਿਨ ਦੀ ਹਵਾਈ ਅਥਾਰਟੀ ਨੂੰ ਪਤਾ ਲੱਗਾ ਤਾਂ ਉਨਾਂ ਨੇ ਭਾਰਤ ਸਰਕਾਰ ਨੂੰ ਪੱਤਰ ਰਾਹੀਂ ਸੂਚਿਤ ਕੀਤਾ । ਉਕਤ ਮਾਮਲੇ ਪਾਰਲੀਮੈਂਟ 'ਚ ਵੀ ਗਰਮਾਇਆ ਰਿਹਾ । ਇਸ ਲਈ ਇਹ ਜਰੂਰੀ ਹੈ ਕਿ ਸਰਕਾਰ ਉਨਾਂ ਯਾਤਰੀਆਂ ਦੀ ਹਵਾਈ ਯਾਤਰਾ ਨੂੰ ਸਫਲ ਤੇ ਸੁਰੱਖਿਅਤ ਬਣਾਉਣ ਲਈ ਢੁੱਕਵੇਂ ਪ੍ਰਬੰਧ ਕਰੇ ਤੇ ਹਵਾਈ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਦੇ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ ।

## ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਦੁਕਾਨਦਾਰਾਂ ਦੀ ਸੁਰੱਖਿਆ ਯਕੀਨੀ ਬਣਾਵੇ ਪੰਜਾਬ ਸਰਕਾਰ-ਮੋਨੂੰ ਢੀਂਗਰਾ



**ਫਿਲੌਰ/ਅੱਪਰਾ, (ਦੀਪਾ)**-ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਸਮਾਜ ਸੇਵੀ ਮੋਨੂੰ ਢੀਂਗਰਾ ਨੇ ਕਿਹਾ ਕਿ ਬੀਤੇ ਦਿਨੀਂ ਸਵੇਰੇ ਦਿਨ ਦਿਹਾੜੇ ਹੀ ਆਪ ਆਗੂ ਲੱਕੀ ਓਬਰਾਏ ਦਾ ਕਤਲ ਕਰ ਦਿੱਤਾ ਗਿਆ । ਪੰਜਾਬ ਦੇ ਮੌਜੂਦਾ ਹਾਲਾਤ ਚਿੰਤਾਜਨਕ ਹੋ ਚੁੱਕੇ ਹਨ । ਇਸ ਲਈ ਪੰਜਾਬ ਸਰਕਾਰ ਨੂੰ ਦੁਕਾਨਦਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ । ਪੰਜਾਬ ਦੇ ਮੌਜੂਦਾ ਦੌਰ 'ਚ ਦਿਨ ਰਾਤ ਲੁੱਟਾਂ ਖੋਹਾਂ ਤੇ ਚੋਰੀਆਂ ਦਾ ਦੌਰ ਜਾਰੀ ਹੈ । ਆਏ ਦਿਨ ਕਤਲ ਹੋ ਰਹੇ ਹਨ । ਦੁਕ-ਾਨਦਾਰ ਵੀਰ ਬਿਨਾਂ ਕਿਸੇ ਸੁਰੱਖਿਆ ਤੋਂ ਹਰ ਸਮੇਂ ਆਮ ਲੋਕਾਂ ਲਈ ਹਾਜ਼ਰ ਰਹਿੰਦੇ ਹਨ । ਇਸ ਲਈ ਜਰੂਰੀ ਹੈ ਕਿ ਦਿਨ ਦੇ ਸਮੇਂ ਵੀ ਬਜ਼ਾਰਾਂ 'ਚ ਗਸ਼ਤ ਕੀਤੀ ਜਾਵੇ । ਉਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਸੰਬੰਧ 'ਚ ਠੋਸ ਕਦਮ ਉਠਾਏ ਜਾਣ ।

## ਮਿਕਾਇਲ ਕਿੰਗਜ਼ਬਰੀ ਨੇ ਜਿੱਤਿਆ ਕਨੇਡਾ ਲਈ ਪਹਿਲਾ ਸੋਨੇ ਦਾ ਤਮਗਾ

**ਵੈਨਕੂਵਰ, (ਮਲਕੀਤ ਸਿੰਘ) –** ਇਟਲੀ ਦੇ ਮਿਲਾਨੋ-ਕੋਰਟੀਨਾ ਵਿੱਚ ਚੱਲ ਰਹੀਆਂ ਸਰਦੀ ਓਲੰਪਿਕ ਖੇਡਾਂ ਵਿੱਚ ਕੈਨੇਡਾ ਦੇ ਮਸ਼ਹੂਰ ਸਕੀਅਰ ਮਿਕਾਇਲ ਕਿੰਗਜ਼ਬਰੀ ਨੇ ਮਰਦਾਂ ਦੀ ਡੂਅਲ ਮੋਗਲਜ਼ ਮੁਕਾ-ਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਗ਼ਮਾ ਜਿੱਤ ਲਿਆ ਹੈ। ਇਸ ਜਿੱਤ ਨਾਲ ਕੈਨੇਡਾ ਨੂੰ ਇਨ੍ਹਾਂ ਖੇਡਾਂ ਦਾ ਪਹਿਲਾ ਸੋਨ ਤਗ਼ਮਾ ਪ੍ਰਾਪਤ ਹੋਇਆ ਹੈ। ਕਿੰਗਜ਼ਬਰੀ ਨੇ ਫਾਈਨਲ ਮੁਕਾਬਲੇ ਵਿੱਚ ਆਪਣੇ ਵਿਰੋਧੀ ਖਿਡਾਰੀਆਂ ਨੂੰ ਪਿੱਛੇ ਛੱਡਦਿਆਂ ਬੇਮਿਸਾਲ ਤਕਨੀਕ, ਗਤੀ ਅਤੇ ਸੰਤੁਲਨ ਦਾ ਪ੍ਰਦਰਸ਼ਨ ਕੀਤਾ। ਦਰਸ਼ਕਾਂ ਨੇ ਉਸ ਦੀ ਕਾਬਲੀਅਤ ਨੂੰ ਖੜ੍ਹੇ ਹੋ ਕੇ ਸਲਾਮ ਕੀਤਾ। ਜਿੱਤ ਤੋਂ ਬਾਅਦ ਕਿੰਗਜ਼ਬਰੀ ਨੇ ਕਿਹਾ ਕਿ ਇਹ ਤਗ਼ਮਾ ਉਸ ਦੀ ਸਖ਼ਤ ਮਿਹਨਤ, ਕੋਚਾਂ ਦੀ ਰਹਿਨੁਮਾਈ ਅਤੇ ਦੇਸ਼ਵਾਸੀਆਂ ਦੇ ਪਿਆਰ ਦਾ ਨਤੀਜਾ ਹੈ। ਉਸ ਨੇ ਕਿਹਾ ਕਿ ਉਹ ਕੈਨੇਡਾ ਲਈ ਹੋਰ ਵੀ ਕਾਮਯਾਬੀਆਂ ਹਾਸਲ ਕਰਨ ਦੀ ਕੋਸ਼ਿਸ਼ ਜਾਰੀ ਰੱਖੇਗਾ। ਇਸ ਸਫ਼ਲਤਾ ਨਾਲ ਕੈਨੇਡਾ ਦੇ ਖਿਡਾਰੀਆਂ ਦਾ ਹੌਂਸਲਾ ਹੋਰ ਵਧਿਆ ਹੈ ਅਤੇ ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਤਗ਼ਮੇ ਜਿੱਤਣ ਦੀ ਉਮੀਦ ਬਣੀ ਹੈ। ਖੇਡ ਪ੍ਰੇਮੀਆਂ ਵਿੱਚ ਇਸ ਜਿੱਤ ਨੂੰ ਲੈ ਕੇ ਵੱਡਾ ਉਤਸ਼ਾਹ ਦੇਖਿਆ ਜਾ ਰਿਹਾ ਹੈ।



**ਓਲੰਪਿਕ ਮੰਚ 'ਤੇ ਸੋਨ ਤ਼ਗਮਾ ਪ੍ਰਾਪਤ ਕਰਨ ਮਗਰੋਂ ਖੁਸ਼ੀ ਮਨਾਉਂਦਾ ਕੈਨੇਡਾ ਦਾ ਸਕੀਅਰ ਮਿਕਾਇਲ ਕਿੰਗਜ਼ਬਰੀ।**

## ਬਾਏ - ਬਾਏ, ਪਟੋਲੋ....!

### 89 ਸਾਲ ਪੁਰਾਣਾ ਪੁਲ ਲਈ ਸਦਾ ਲਈ ਬੰਦ



**ਸਰੀ ਅਤੇ ਨਿਊ ਵੈਸਟਮਿਨਸਟਰ ਨੂੰ ਜੋੜਨ ਵਾਲਾ 89 ਸਾਲ ਪੁਰਾਣਾ ਪਟੁੱਲੋ ਪੁਲ, ਜੋ ਹੁਣ ਵਾਹਨਾਂ ਦੀ ਆਵਾਜਾਈ ਲਈ ਸਦਾ ਲਈ ਬੰਦ ਕਰ ਦਿੱਤਾ ਗਿਆ ਹੈ।**

**ਵੈਨਕੂਵਰ, (ਮਲਕੀਤ ਸਿੰਘ)** – ਸਰੀ ਅਤੇ ਨਿਊ ਵੈਸਟਮਿਨਸਟਰ ਨੂੰ ਆਪਸ ਵਿੱਚ ਜੋੜਨ ਵਾਲਾ 89 ਸਾਲ ਪੁਰਾਣਾ ਪਟੁੱਲੋ ਪੁਲ ਅੱਜ ਸਵੇਰੇ ਵਾਹਨਾਂ ਦੀ ਆਵਾਜਾਈ ਲਈ ਸਦਾ ਲਈ ਬੰਦ ਕਰ ਦਿੱਤਾ ਗਿਆ ਹੈ। ਸ਼ਨੀਵਾਰ ਸਵੇਰੇ 7 ਵਜੇ ਤੋਂ ਪੁਲ 'ਤੇ ਗੱਡੀਆਂ ਦੀ ਆਵਾਜਾਈ ਪੂਰੀ ਤਰ੍ਹਾਂ ਰੋਕ ਦਿੱਤੀ ਗਈ ਹੈ।ਜਿਸ ਨਾਲ ਫ੍ਰੇਜ਼ਰ ਦਰਿਆ ਉੱਤੇ ਦਹਾਕਿਆਂ ਤੋਂ ਚੱਲ ਰਹੀ ਆਵਾਜਾਈ ਦਾ ਇਕ ਯੁੱਗ ਸਮਾਪਤ ਹੋ ਗਿਆ ਹੈ ਇਸ ਪੁਲ ਰਾਹੀਂ ਹਰ ਰੋਜ਼ ਹਜ਼ਾਰਾਂ ਵਾਹਨ ਆਵਾਜਾਈ ਲਈ ਗੁਜਰਦੇ ਸਨ । ਪਟੁੱਲੋ ਪੁਲ ਨੇ ਪਿਛਲੇ ਕਈ ਦਹਾਕਿਆਂ ਤੱਕ ਰਾਹਗੀਰਾਂ ਨੂੰ ਆਵਾਜਾਈ ਦੀ ਸਹੂਲਤ ਪ੍ਰਦਾਨ ਕੀਤੀ ਸੀ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਫਰੇਜਰ ਦਰਿਆ ਉਪਰ ਹੀ ਪਟੋਲੋ ਪੁਲ ਦੇ ਨਾਲ ਉਸਾਰੇ ਗਏ ਚਾਰ ਲਾਈਨਾਂ ਵਾਲੇ ਨਵੇਂ ਪੁਲ ਤੋਂ ਆਵਾਜਾਈ ਨੂੰ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਪੁਰਾਣੇ ਪੁਲ ਪਟੋਲੋ ਬ੍ਰਿਜ ਨੂੰ ਬੰਦ ਕਰਨ ਸਬੰਧੀ ਉਕਤ ਫੈਸਲਾ ਲਿਆ ਗਿਆ ਹੈ।

## ਜ਼ਿਲ੍ਹੇ 'ਚ 14 ਮਾਰਚ ਨੂੰ ਲੱਗੇਗੀ ਕੌਮੀ ਲੋਕ ਅਦਾਲਤ-ਜ਼ਿਲ੍ਹਾ ਤੇ ਸੈਸ਼ਨ ਜੱਜ

**● ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਦੇ ਨਾਲ ਕੀਮਤੀ ਸਮੇਂ ਤੇ ਪੈਸੇ ਦੀ ਵੀ ਹੁੰਦੀ ਬੱਚਤ ● ਲੋਕਾਂ ਨੂੰ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ**

**ਸ਼ਹੀਦ ਭਗਤ ਸਿੰਘ ਨਗਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ 14 ਮਾਰਚ 2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅੱਗੇ ਦੱਸਿਆ ਕਿ ਕੌਮੀ ਲੋਕ ਅਦਾਲਤ ਦੌਰਾਨ ਸਾਰੇ ਤਰ੍ਹਾਂ ਦੇ ਸਿਵਲ ਅਤੇ ਕੰਪਾਊਂਡੇਬਲ ਕ੍ਰਿਮੀਨਲ ਕੇਸ ਜਿਨ੍ਹਾਂ ਵਿੱਚ ਕ੍ਰਿਮੀਨਲ ਕੰਪਾਊਂਡੇਸਲ ਜੁਰਮ, ਧਾਰਾ 138 ਅਧੀਨ ਐਨ.ਆਈ. ਕੇਸ, ਪੈਸੇ ਵਸੂਲੀ, ਵਾਹਨ ਦੁਰਘਟਨਾ ਕਲੇਮ ਕੇਸ, ਕਿਰਤ ਸਬੰਧੀ ਕੇਸ, ਬਿਜਲੀ ਅਤੇ ਪਾਣੀ ਸਬੰਧੀ ਕੇਸ, ਵਿਆਹੁਤਾ ਸਬੰਧੀ ਕੇਸ(ਸਿਵਾਏ ਤਲਾਕ ਦੇ), ਜਮੀਨ ਐਕੁਆਇਰ ਸਬੰਧੀ ਕੇਸ, ਸਰਵਿਸ ਮੈਟਰ ਸਮੇਤ ਪੈਨਸ਼ਨ ਸਬੰਧੀ ਕੇਸ,ਹਾਈਕੋਰਟ ਅਤੇ ਜ਼ਿਲ੍ਹਾ ਅਦਾਲਤਾਂ ਪਾਸ ਬਕਾਇਆ ਪਏ ਮਾਲੀਆ ਕੇਸ ਅਤੇ ਹੋਰ ਸਿਵਲ ਕੇਸ ਤੋਂ ਇਲਾਵਾ ਜੋ ਵੀ ਐਕਟ/ਨਿਯਮਾਂ ਅਨੁਸਾਰ ਵਿਚਾਰੇ ਜਾ ਸਕਦੇ ਹਨ ਨੂੰ ਸੁਣਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤਾਂ ਦਾ ਮਕਸਦ ਲੋਕਾਂ ਨੂੰ ਜਲਦੀ ਨਿਆਂ ਦੁਆਉਣਾ ਹੁੰਦਾ ਹੈ ਅਤੇ ਇਸ ਵਿੱਚ ਫੈਸਲੇ ਦੋਵਾਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੋਕ ਅਦਾਲਤਾਂ ਵਿੱਚ ਆਪਸੀ ਰਜ਼ਾਮੰਦੀ ਨਾਲ ਫੈਸਲੇ ਕਰਵਾਉਣ ਨਾਲ ਜਿਥੇ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ, ਉਥੇ ਹੀ ਲੋਕਾਂ ਦੇ ਕੀਮਤੀ ਸਮੇਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਲੋਕ ਅਦਾਲਤਾਂ ਰਾਹੀਂ ਫੈਸਲੇ ਕਰਵਾਉਣ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਗੱਲਬਾਤ ਅੱਗੇ ਵਧਾਉਣ ਦਾ ਵਧੀਆ ਸਾਧਨ 'ਤੋਹਫ਼ਾ'



ਤੋਹਫਾ ਆਪਣੇ ਆਪ ਵਿੱਚ ਇਕ ਖਾਸ ਹੁੰਦਾ ਹੈ।ਅਸੀ ਕਿਸੇ ਖਾਸ ਦੋਸਤ ਜਾਂ ਕਿਸੇ ਖਾਸ ਰਿਸ਼ਤੇਦਾਰ ਲਈ ਬਹੁਤ ਹੀ ਉਤਸ਼ਾਹ ਅਤੇ ਬੜੇ ਹੀ ਧਿਆਨ ਨਾਲ ਕੁਝ ਖਾਸ ਖਰੀਦਣ ਦੀ ਕੋਸ਼ਿਸ਼ ਕਰਦੇ ਹਾਂ,ਨਾਲ ਹੀ ਇਹ ਯਕੀਨੀ ਬਣਾਉਦੇ ਹਾਂ ਕਿ ਇਹ ਤੋਹਫਾ ਉਸ ਦੀ ਪਸੰਦ ਨਾਲ ਮੇਲ ਖਾਂਦਾ ਹੋਵੇ।ਖਰੀਦਦਾਰੀ ਕਰਦੇ ਸਮੇਂ,ਅਸੀ ਹਮੇਸ਼ਾਂ ਹੀ ਯਾਦ ਰੱਖਦੇ ਹਾਂ ਕਿ ਜੋ ਚੀਜ਼ ਅਸੀ ਆਪਣੇ ਖਾਸ ਲਈ ਖਰੀਦੀ ਹੈ,ਜਾਂ ਖਰੀਦ ਰਹੇ ਹਾਂ,ਉਹ ਚੀਜ਼ ਉਨਾਂ ਦੀ ਪਸੰਦ ਦੇ ਅਨੁਸਾਰ ਵੀ ਹੋਵੇ ਅਤੇ ਉਹ ਇਸ ਨੂੰ ਬੜੇ ਚਾਅ ਨਾਲ ਵਰਤਣਗੇ।ਕਈ ਵਾਰ ਅਸੀ ਉਨਾਂ ਦੀ ਪਸੰਦ ਨੂੰ ਪਹਿਲਾਂ ਹੀ ਜਾਣਦੇ ਹੁੰਦੇ ਹਾਂ,ਅਤੇ ਕਈ ਵਾਰ ਅਸੀ ਚੀਜ਼ ਖਰੀਦਣ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੇ ਕਿ ਉਨਾਂ ਨੂੰ ਕਿਹੜੀ ਚੀਜ਼ ਪਸੰਦ ਹੋਵੇਗੀ।ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਤੋਹਫੇ ਦੀ ਮਾਤਰਾ ਦਾ ਮੁਲਾਕਣ ਨਹੀ ਕੀਤਾ ਜਾਂਦਾ,ਹਾਲਾਂਕਿ,ਅਸੀ ਕਦੇ-ਕਦੇ ਤੋਹਫੇ ਅਤੇ ਉਸ ਦੀ ਕੀਮਤ ਦੀ ਆਲੋਚਨਾਂ ਕਰਦੇ ਹਾਂ।ਸੱਭ ਤੋਂ ਵੱਡੀ ਉਦ-ਾਹਰਣ ਹੈ ਕਿ ਜੇਕਰ ਅਸੀ ਵਿਆਹ,ਜਨਮ ਦਿਨ ਜਾਂ ਹੋਰ ਕਿਸੇ ਅਜਿਹੇ ਸਮਾਗਮਾਂ 'ਤੇ ਪ੍ਰਾਪਤ ਹੋਏ ਤੋਹਫਿਆਂ ਦੀ ਗੱਲ ਕਰੀਏ,ਤਾਂ ਸਮਾਗਮ ਖਤਮ ਹੋਣ ਤੋਂ ਬਾਅਦ,ਹਰ ਇਕ ਤੋਹਫੇ ਨੂੰ ਖੋਲਣ ਅਤੇ ਉਸ ਨੂੰ ਦੇਖਣ ਵਿੱਚ ਇਕ ਅਲੱਗ ਜਿਹੀ ਉਤਸੁਕਤਾ ਹੁੰਦੀ ਹੈ।ਤੋਹਫ਼ੇ ਇਕ ਤਰਾਂ ਨਾਲ ਅਜਿਹੇ ਸਮਾਗਮਾਂ ਦਾ ਇਕ ਜਰੂਰੀ ਹਿੱਸਾ ਹੁੰਦੇ ਹਨ,ਜਿਸ ਤੋਂ ਬਿਨਾਂ ਸਮਾਗਮ ਆਧੂਰਾ ਮੰਨਿਆਂ ਜਾਂਦਾ ਹੈ। ਇਹਨਾਂ ਤੋਹਫ਼ਿਆਂ ਵਿੱਚ ਅਲੱਗ-ਅਲੱਗ ਤਰ੍ਹਾਂ ਦੀਆਂ ਰਸਮਾਂ ਅਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ।ਅਕਸਰ ਰਿਸ਼ਤੇਦਾਰਾਂ ਨੂੰ ਜਾਂ ਯਾਰਾਂ ਦੋਸਤਾਂ ਨੂੰ ਮਿਲਣ ਤੋਂ ਪਹਿਲਾਂ,ਅਸੀ ਆਪਣੇ ਨਾਲ ਲਿਜਾਣ ਲਈ ਕੋਈ ਨਾ ਕੋਈ ਚੀਜ਼ ਖਰੀਦਦੇ ਹਾਂ,ਜੇਕਰ ਉਨਾਂ ਦੇ ਬੱਚੇ ਹਨ ਤਾਂ ਕੋਈ ਨਾ ਕੋਈ ਤੋਹਫ਼ਾ ਖਰੀਦਣ ਤੇ ਵਿਚਾਰ ਕਰਦੇ ਹਾਂ।ਪੁਰਾਣੇ ਸਮਿਆਂ ਦੇ ਅੰਦਰ ਪਿੰਡਾਂ ਵਿੱਚ ਰਿਵਾਜ਼ ਹੁੰਦਾ ਸੀ ਕਿ ਜਦੋਂ ਔਰਤਾਂ ,ਬੱਚੇ,ਜਾਂ ਪਰਿਵਾਰ ਦੇ ਹੋਰ ਮੈਂਬਰ ਕਿਸੇ ਰਿਸ਼ਤੇਦਾਰ ਦੇ ਘਰ ਜਾਦੇ ਸੀ ਤਾਂ ਉਨਾਂ ਦੇ ਜਾਣ ਤੋਂ ਪਹਿਲਾਂ ਉਨਾਂ ਵਾਸਤੇ ਸਪੈਸ਼ਲ ਕਪੜੇ ਖਰੀਦੇ ਜਾਂਦੇ ਸੀ।ਉਨਾਂ ਨੂੰ ਨਵੇਂ ਕਪੜਿਆਂ ਤੋਂ ਬਿਨਾਂ ਨਹੀ ਭੇਜਿਆਂ ਜਾਦਾ ਸੀ।ਇਸ ਨੂੰ ਸਤਿਕਾਰ ਦੀ ਨਿਸ਼ਾਨੀ ਵੀ ਸਮਝਿਆ ਜਾਂਦਾ ਸੀ। ਸਾਡੇ ਸਮਾਜ ਵਿੱਚ ਇਕ ਹੋਰ ਵੀ ਰਿਵਾਜ਼ ਹੈ ਕਿ ਅਸੀ ਆਪਣੇ ਕਿਸੇ ਜਾਣਕਾਰ ਨੂੰ ਇਕ ਭਾਂਡੇ ਵਿੱਚ ਇਕ ਬਾਟੀ ਦਿੰਦੇ ਹਾਂ,ਅਸੀ ਇਹ ਉਮੀਦ ਕਰਦੇ ਹਾਂ ਕਿ ਉਹ ਬਾਟੀ ਖਾਲੀ ਕਰਨ ਤੋਂ ਬਾਅਦ ਇਸ ਨੂੰ ਵਾਪਸ ਦੇਣਗੇ।ਹਾਲਾਂਕਿ ਸਾਡੇ ਲਈ ਬਾਟੀ ਖਾਲੀ ਕਰਕੇ ਵਾਪਸ ਲੈਣਾ ਅਸਧਾਰਨ ਨਹੀ ਹੈ।ਇਸ ਦੀ ਬਜਾਏ,ਉਸ ਨੂੰ ਕਿਸੇ ਹੋਰ ਚੀਜ਼ ਨਾਲ ਭਰ ਦਿੰਦੇ ਸਨ।ਇਹ ਰਿਵਾਜ਼ ਸਾਨੂੰ ਕਿਸੇ ਵੀ ਕਿਤਾਬ ਵਿੱਚ ਪੜ੍ਹਣ ਨੂੰ ਨਹੀ ਮਿਲਦਾ, ਨਾ ਹੀ ਕਿਸੇ ਸਕੂਲ ਦੇ ਵਿੱਚ ਤੋਹਫ਼ਿਆਂ ਬਾਰੇ ਕਿਸੇ ਅਧਿਆਏ ਵਿੱਚ ਕੋਈ ਲਿਖਿਆ ਹੈ।ਪਰ ਇਹ ਸਾਡੇ ਸਮਾਜਿਕ ਤਾਣੇ-ਬਾਣੇ ਵਿੱਚ ਏਨਾਂ ਡੂੰਘਾਈ ਨਾਲ ਕਿਉਂ ਜੁੜ੍ਹਿਆਂ ਹੋਇਆ ਹੈ,ਕਿ ਅਸੀ ਇਸ ਪਰੰਪਰਾ ਨੂੰ ਨਿਸ਼ਚਿਤ ਤੌਰ 'ਤੇ ਇਸ ਪਰੰਪਰਾਂ ਦੀ ਪਾਲਣਾ ਕਰਦੇ ਹਾਂ। ਅਸਲੀਅਤ ਤਾਂ ਇਹ ਹੈ ਕਿ ਤੋਹਫ਼ੇ ਕਿਸੇ ਖਾਸ ਮੌਕੇ ਨਾਲ ਜੁੜੇ ਹੋਏ ਨਹੀ ਹੁੰਦੇ,ਅਤੇ ਨਾ ਹੀ ਉਹ ਸੀਮਤ ਹੁੰਦੇ ਹਨ।ਜਦੋ ਕੋਈ ਖਾਸ ਆਦਮੀ ਦੂਰ-ਦੁਰਾਡੇ ਤੋਂ ਮਿਲਣ ਆਉਦਾ ਹੈ ਤਾਂ ਅਸੀ ਅਕਸਰ ਉਨਾਂ ਨੂੰ ਆਪਣੇ ਸਹਿਰ ਤੋਂ ਜੋ ਖਾਸ ਹੁੰਦਾ ਹੈ ਜਾਂ ਕੁਝ ਆਨੋਖਾ ਅਤੇ ਮਸ਼ਹੂਰ ਤੋਹਫ਼ਾ ਦਿੰਦੇ ਹਾਂ।ਵਾਪਸ ਆਉਣ ਤੇ ਵੀ ਅਸੀ ਉਨਾਂ ਨੂੰ ਯਕੀਨੀ ਬਣਾਉਦੇ ਹਾਂ ਕਿ ਉਨਾਂ ਕੋਲ ਜਰੂਰੀ ਜੇ ਕਿਸੇ ਚੀਜ਼ ਦੀ ਘਾਟ ਹੈ ਤਾਂ ਦੱਸ ਦਿਓ।ਅਸੀ ਉਝ ਵੀ ਨਿੱਕੀਆਂ ਮੋਟੀਆਂ ਚੀਜ਼ਾਂ ਨਾਲ ਉਨਾਂ ਦਾ ਬੈਗ ਭਰ ਦਿੰਦੇ ਹਾਂ।ਇਸ ਸਥਿੱਤੀ ਵਿੱਚ ਦਿੱਤੀਆਂ ਗਈਆਂ ਚੀਜ਼ਾਂ ਨੂੰ ਵੀ ਤੋਹਫ਼ੇ ਹੀ ਮੰਨਿਆਂ ਜਾਂਦਾ ਹੈ।ਇਹ ਸਾਡੇ ਵਲੋਂ ਦਿੱਤੇ ਗਏ ਤੋਹਫ਼ੇ ਸਾਡੀਆਂ ਭਾਵਨਾਵਾਂ ਨੂੰ ਨਾਲ ਹੀ ਲੈ ਜਾਂਦੇ ਹਨ।

ਇਹਨਾਂ ਤੋਂ ਇਲਾਵਾ ਜਦੋਂ ਵੀ ਅਸੀ ਕਿਸੇ ਨਵੀ ਜਗ੍ਹਾ ਦੀ ਯਾਤਰਾ ਕਰਦੇ ਹਾਂ,ਤਾਂ ਅਕਸਰ ਸਥਾਨਕ ਭੋਜ਼ਨ,ਕੱਪੜੇ ਅਤੇ ਹੋਰ ਜਰੂਰੀ ਚੀਜ਼ਾਂ ਖਰੀਦਦੇ ਹਾਂ ਜੋ ਸਾਡੀਆਂ ਜਰੂਰਤਾਂ ਦੇ ਅਨੁਸਾਰ ਹੋਣ।ਹਾਲਾਂਕਿ ਸਾਡੀਆਂ ਖਰੀਦਦਾਰੀਆਂ ਸਿਰਫ਼ ਆਪਣੇ ਆਪ ਤੱਕ ਸੀਮਤ ਨਹੀ ਹਨ।ਅਸੀ ਆਪਣੇ ਪਰਿਵਾਰ ਅਤੇ ਦੋਸਤਾਂ ਲਈ ਵੀ ਖਰੀਦਦਾਰੀ ਕਰਦੇ ਹਾਂ।ਕਈ ਵਾਰ ਸਾਡੇ ਸਮਾਨ ਤੇ ਬੈਗ ਵੀ ਸਾਡੀ ਢੋਆ-ਢੁਆਈ ਦੀ ਸਮਰੱਥਾ ਤੋਂ ਵੱਧ ਜਾਂਦੇ ਹਨ,ਪਰ ਅਸੀ ਇਸ ਭਾਰ 'ਤੇ ਘੱਟ ਹੀ ਵਿਚਾਰ ਕਰਦੇ ਹਾਂ,ਅਜਿਹੇ ਤੋਹਫ਼ੇ ਸਾਡੇ ਤੋਹਫ਼ਿਆਂ ਵਿੱਚ ਭਾਵਨਾਤਮਕ ਤੌਰ 'ਤੇ ਵੀ ਨਿਵੇਸ਼ ਕੀਤੇ ਜਾਂਦੇ ਹਨ ਜੋ ਜਾਂ ਤਾਂ ਸਾਡਾ ਭਾਰ ਘਟਾਉਦੇ ਹਨ ਜਾਂ ਉਹਨਾਂ ਨੂੰ ਚੁੱਕਣ ਲਈ ਸਾਡੀ ਸਮਰੱਥਾ ਵਧਾਉਦੇ ਹਨ।ਇਹ ਵੀ ਧਿਆਨ ਦੇਣ ਯੋਗ ਹੈ ਕਿ ਅਸੀ ਇਹਨਾਂ ਚੀਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਲਿਜਾਣ ਦੀ ਚਿੰਤਾਂ ਕਰਦੇ ਹਾਂ।ਸਿਰਫ਼ ਉਹਨਾਂ ਨੂੰ ਚੁੱਕਣ ਵਾਲਾ ਵਿਅਕਤੀ ਹੀ ਇਸ ਨੂੰ ਸਮਝ ਸਕਦਾ ਹੈ,ਹੋਰ ਕੋਈ ਨਹੀ।

ਆਪਣੇ ਵਲੋਂ ਖਰੀਦਿਆਂ ਗਿਆ ਤੋਹਫ਼ਾ ਇਕ ਵੱਖਰਾ ਮਾਮਲਾ ਹੈ।ਇਸ ਵਿੱਚ ਕਿਸੇ ਨੂੰ ਪੈਸੇ ਨਾਲੋਂ ਵੱਧ ਆਪਣਾ ਸਮਾਂ ਅਤੇ ਸਮਝ ਸਮਰਪਿਤ ਕਰਨਾ ਸ਼ਾਮਲ ਹੈ।ਤੋਹਫ਼ੇ ਅਕਸਰ ਉਮੀਦਾਂ ਤੋਂ ਵੱਧ ਦਿੱਤੇ ਜਾਂਦੇ ਹਨ ਅਤੇ ਅਕਸਰ ਇਕ ਹੈਰਾਨੀਜਨਕ ਤੌਰ 'ਤੇ ਸੁਹਾਵਣਾ ਅਨੁਭਵ ਪੈਦਾ ਕਰਦੇ ਹਨ।ਅਸੀ ਕਿਸੇ ਖਾਸ ਵਿਅਕਤੀ ਨੂੰ ਤੋਹਫ਼ੇ ਦੇਣਾ ਪਸੰਦ ਕਰਦੇ ਹਾਂ,ਬਦਲੇ ਵਿੱਚ ਕੋਈ ਵੀ ਉਮੀਦ ਨਹੀ ਰੱਖਦੇ।ਹਾਲਾਂਕਿ ਸਾਡੀ ਜਿੰਦਗੀ ਵਿੱਚ ਕੁਝ ਅਜਿਹੇ ਪਲ ਹੁੰਦੇ ਹਨ ਜਦੋਂ ਕਿਸੇ ਤੋਹਫ਼ੇ ਦੇ ਬਦਲੇ ਸਾਨੂੰ ਇਕ ਵੱਖਰੇ ਰੂਪ ਵਿੱਚ ਕੁਝ ਅਜਿਹਾ ਹੀ ਇਨਾਮ ਦਿੱਤਾ ਜਾਂਦਾ ਹੈ।ਇਹ ਸਾਡੇ ਮਨਾਂ ਵਿੱਚ ਇਕ ਖਾਸ ਤਰਾਂ ਦੀ ਭਾਵਨਾ ਪੈਦਾ ਕਰਦਾ ਹੈ,ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ। ਅਜਿਹੇ ਪਲ ਸਾਡੀ ਜਿੰਦਗੀ ਵਿੱਚ ਖਾਸ ਯਾਦਾਂ ਬਣ ਜਾਦੇ ਹਨ,ਜੋ ਸਾਡੀ ਯਾਦ ਵਿੱਚ ਜੀਵਨ ਭਰ ਲਈ ਆਪਣੀ ਜਗ੍ਹਾ ਬਣਾ ਲੇਦੇ ਹਨ।ਇਸ ਤਰਾਂ ਮਨੁੱਖੀ ਜੀਵਨ ਵਿੱਚ ਤੋਹਫ਼ਿਆਂ ਦੀ ਮਹੱਤਤਾ ਸਮੇਂ ਮੁੱਲ ਤੋਂ ਪਰੇ ਹੈ।ਤੋਹਫ਼ੇ ਬੰਧਨਾਂ ਨੂੰ ਮਜ਼ਬੂਤ ਕਰਨ ਵਾਲੇ ਪ੍ਰਾਚੀਨ ਸਮੇਂ ਤੋਂ ਲੈ ਕੇ ਕਾਰਪੋਰੇਟ ਜਗਤ ਤੱਕ ਸਮਾਜਾਂ ਵਿੱਚ ਮਸ਼ਹੂਰ ਹੋ ਜਾਂਦੇ ਹਨ,ਅਤੇ ਆਪਸੀ ਤਾਲਮੇਲ ਨੂੰ ਬਿਹਤਰ ਬਣਾਉਣ ਦਾ ਇੱਕ ਸਾਧਨ ਹਨ।



**ਅਮਰਜੀਤ ਚੰਦਰ**
**ਲੁਧਿਆਣਾ**

# ਵੈਨਕੂਵਰ ਵਿੱਚ ਇਰਾਨੀ ਸਰਕਾਰ ਖ਼ਿਲਾਫ਼ ਹਜ਼ਾਰਾਂ ਲੋਕਾਂ ਵੱਲੋਂ ਪ੍ਰਦਰਸ਼ਨ

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਸਥਿਤ ਡੇਵਡ ਲੈਮ ਪਾਰਕ ਵਿੱਚ ਨੂੰ ਇਰਾਨੀ ਸਰਕਾਰ ਦੇ ਵਿਰੋਧ ਵਿੱਚ ਵੱਡਾ ਪ੍ਰਦਰਸ਼ਨ ਕੀਤਾ ਗਿਆ। ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਭਾਗ ਲੈ ਕੇ ਇਰਾਨ ਵਿੱਚ ਸੱਤਾ ਬਦਲਾਅ ਦੀ ਮੰਗ ਕੀਤੀ। ਪੁਲਿਸ ਅਧਿਕਾਰੀਆਂ ਮੁਤਾਬਕ, ਇਸ ਇਕੱਠ ਵਿੱਚ ਲਗਭਗ ਹਜ਼ਾਰਾ ਲੋਕ ਸ਼ਾਮਲ ਹੋਏ। ਇਹ ਪ੍ਰਦਰਸ਼ਨ ਦੁਨੀਆ ਭਰ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦੀ ਲੜੀ ਦਾ ਹਿੱਸਾ ਸੀ, ਜਿਸਦਾ ਮਕਸਦ ਇਰਾਨ ਦੀ ਮੌਜੂਦਾ ਸਰਕਾਰ ਖ਼ਿਲਾਫ਼ ਆਪਣੀ ਆਵਾਜ਼ ਉਠਾਉਣਾ ਹੈ। ਪ੍ਰਦਰਸ਼ਨਕਾਰੀਆਂ ਨੇ ਇਰਾਨ ਦੇ ਝੰਡੇ, ਤਖ਼ਤੀਆਂ ਅਤੇ ਬੈਨਰ ਲਹਿਰਾਉਂਦੇ ਹੋਏ ਸ਼ਾਂਤਮਈ ਢੰਗ ਨਾਲ ਆਪਣਾ ਰੋਸ ਦਰਜ ਕਰਵਾਇਆ। ਇਸ ਮੌਕੇ ਮਨੁੱਖੀ



ਵੈਨਕੂਵਰ ਦੇ ਡੇਵਿਡ ਲੈਮ ਪਾਰਕ ਵਿੱਚ ਇਰਾਨੀ ਸਰਕਾਰ ਖ਼ਿਲਾਫ਼ ਹੋਈ ਰੈਲੀ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਪ੍ਰਦਰਸ਼ਨਕਾਰੀ।

ਅਧਿਕਾਰਾਂ, ਲੋਕਤੰਤਰ ਅਤੇ ਬੋਲਣ ਦੀ ਆਜ਼ਾਦੀ ਦੇ ਹੱਕ ਵਿੱਚ ਨਾਅਰੇ ਵੀ ਲਗਾਏ ਗਏ।

ਰੈਲੀ ਦੇ ਆਯੋਜਕਾਂ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਇਰਾਨ ਦੇ ਆਮ ਨਾਗਰਿਕਾਂ ਦੀ ਆਵਾਜ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣਾ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਸੰਘਰਸ਼ ਤਦ ਤੱਕ ਜਾਰੀ ਰਹੇਗਾ, ਜਦ ਤੱਕ ਲੋਕਾਂ ਨੂੰ ਇਨਸਾਫ਼ ਅਤੇ ਹੱਕ ਨਹੀਂ ਮਿਲਦੇ। ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਸਨ ਅਤੇ ਸਾਰੇ ਸਮਾਗਮ ਦੌਰਾਨ ਮਾਹੌਲ ਸ਼ਾਂਤਮਈ ਬਣਿਆ ਰਿਹਾ। ਕਿਸੇ ਵੀ ਤਰ੍ਹਾਂ ਦੀ ਅਣਚਾਹੀ ਘਟਨਾ ਦੀ ਕੋਈ ਸੂਚਨਾ ਨਹੀਂ ਮਿਲੀ।

# ਕੀ ਤੋਹਫ਼ਿਆਂ ਨਾਲ ਹੀ ਮਿਣਿਆ ਜਾਵੇਗਾ ਹੁਣ ਰਿਸ਼ਤਿਆਂ ਦਾ ਪਿਆਰ?

ਸਮਾਂ ਕਦੇ ਵੀ ਇੱਕ ਥਾਂ 'ਤੇ ਨਹੀਂ ਖੜ੍ਹਦਾ। ਇਹ ਆਪਣੇ ਵਹਿਣ ਵਿੱਚ ਚੱਲਦਾ ਰਹਿੰਦਾ ਹੈ ਅਤੇ ਆਪਣੇ ਨਾਲ-ਨਾਲ ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਦਲਦਾ ਜਾਂਦਾ ਹੈ। ਅਕਸਰ ਅਸੀਂ ਕਹਿੰਦੇ ਹਾਂ ਕਿ ਜ਼ਮਾਨਾ ਬਦਲ ਗਿਆ ਹੈ, ਲੋਕਾਂ ਦਾ ਰਹਿਣ-ਸਹਿਣ ਬਦਲ ਗਿਆ ਹੈ, ਪਰ ਜੇਕਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਸਿਰਫ਼ ਬਾਹਰੀ ਦਿਖਾਵਾ ਹੀ ਨਹੀਂ, ਸਗੋਂ ਸਾਡੇ ਅੰਦਰੂਨੀ ਜਜ਼ਬਾਤ, ਰਿਸ਼ਤਿਆਂ ਦੀ ਤਾਸੀਰ ਅਤੇ ਸਾਡਾ ਸੁਭਾਅ ਵੀ ਬਦਲ ਚੁੱਕਾ ਹੈ। ਖਾਸ ਤੌਰ 'ਤੇ ਇੱਕ ਔਰਤ, ਜੋ ਕਿ ਘਰ ਦੀ ਧੁਰੀ ਹੁੰਦੀ ਹੈ ਉਸ ਦੀ 'ਮਾਂ' ਅਤੇ 'ਪਤਨੀ' ਵਜੋਂ ਭੂਮਿਕਾ ਪਿਛਲੇ ਕੁਝ ਦਹਾਕਿਆਂ ਵਿੱਚ ਜ਼ਮੀਨ-ਆਸਮਾਨ ਦੇ ਫ਼ਰਕ ਨਾਲ ਬਦਲ ਗਈ ਹੈ। ਜੇਕਰ ਅਸੀਂ ਆਪਣੀਆਂ ਮਾਵਾਂ, ਦਾਦੀਆਂ ਜਾਂ ਨਾਨੀਆਂ ਦੇ ਸਮੇਂ ਵੱਲ ਝਾਤ ਮਾਰੀਏ, ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਕੇਂਦਰ ਬਿੰਦੂ ਖੁਦ ਉਹ ਨਹੀਂ, ਸਗੋਂ ਉਨ੍ਹਾਂ ਦਾ ਪਰਿਵਾਰ ਅਤੇ ਬੱਚੇ ਹੁੰਦੇ ਸਨ। ਉਸ ਸਮੇਂ ਦੀਆਂ ਔਰਤਾਂ ਦੀ ਸੋਚ ਬਹੁਤ ਸਾਦੀ ਅਤੇ ਸਪੱਸ਼ਟ ਹੁੰਦੀ ਸੀ। ਉਨ੍ਹਾਂ ਦੇ ਮਨ ਵਿੱਚ ਹਮੇਸ਼ਾ ਇੱਕ ਅਜੀਬ ਜਿਹਾ 'ਫ਼ਿਕਰ' ਰਹਿੰਦਾ ਸੀ। ਇਹ ਫ਼ਿਕਰ ਆਪਣੇ ਲਈ ਨਹੀਂ ਸੀ, ਸਗੋਂ ਇਸ ਗੱਲ ਦਾ ਸੀ ਕਿ ਸਾਡੇ ਨਿਆਣੇ ਪੜ੍ਹ ਜਾਣ, "ਉਹ ਜ਼ਿੰਦਗੀ ਵਿੱਚ ਕੁਝ ਬਣ ਜਾਣ" ਅਤੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਉਸ ਦੌਰ ਦੀਆਂ ਔਰਤਾਂ ਲਈ ਪਤੀ-ਪਤਨੀ ਦਾ ਰਿਸ਼ਤਾ ਸਾਂਝ ਅਤੇ ਸਤਿਕਾਰ ਦਾ ਹੁੰਦਾ ਸੀ, ਨਾ ਕਿ ਲੈਣ-ਦੇਣ ਦਾ। ਉਨ੍ਹਾਂ ਨੂੰ ਕਦੇ ਇਹ ਚਿੰਤਾ ਨਹੀਂ ਸਤਾਉਂਦੀ ਸੀ ਕਿ ਉਨ੍ਹਾਂ ਦੇ ਪਤੀ ਨੇ ਉਨ੍ਹਾਂ ਨੂੰ ਵਿਆਹ ਦੀ ਵਰ੍ਹੇਗੰਢ (ਅਨਨਿਵਰਸਰੀ) 'ਤੇ ਕੀ ਤੋਹਫ਼ਾ ਦਿੱਤਾ ਹੈ। ਕਈ ਵਾਰ ਤਾਂ ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਹੁੰਦਾ ਸੀ ਕਿ ਅੱਜ ਉਨ੍ਹਾਂ ਦਾ ਜਨਮਦਿਨ ਹੈ ਅਤੇ ਨਾ ਹੀ ਪਤੀ ਵੱਲੋਂ ਵਿਸ਼ ਨਾ ਕਰਨ 'ਤੇ ਕੋਈ ਕਲੇਸ਼ ਹੁੰਦਾ ਸੀ। ਉਨ੍ਹਾਂ ਦਾ ਪਿਆਰ ਖਾਮੋਸ਼ ਜ਼ਰੂਰ ਸੀ, ਸ਼ਬਦਾਂ ਵਿੱਚ ਬਿਆਨ ਨਹੀਂ ਸੀ ਹੁੰਦਾ, ਪਰ ਉਹ ਨਿਸਵਾਰਥ ਸੀ। ਉਨ੍ਹਾਂ ਦੀਆਂ ਉਮੀਦਾਂ ਬਹੁਤ ਘੱਟ ਸਨ, ਪਰ ਪਰਿਵਾਰ ਲਈ 'ਫ਼ਿਕਰ' ਦਾ ਪੱਧਰ ਬਹੁਤ ਉੱਚਾ ਸੀ। ਸਬਰ ਅਤੇ ਸੰਤੋਖ ਉਨ੍ਹਾਂ ਦੇ ਗਹਿਣੇ ਸਨ।

ਅੱਜ ਦੇ ਸਮੇਂ ਵਿੱਚ ਤਸਵੀਰ ਬਿਲਕੁਲ ਉਲਟ ਹੋ ਗਈ ਹੈ। ਅਜੋਕੀ ਔਰਤ ਜਾਂ ਨਵੀਂ ਪੀੜ੍ਹੀ ਦੀ ਸੋਚ ਵਿੱਚ ਇੱਕ ਵੱਡੀ ਤਬਦੀਲੀ ਆਈ ਹੈ। ਅੱਜ ਅਸੀਂ "ਫ਼ਿਕਰ" ਘੱਟ ਕਰਨਾ ਚਾਹੁੰਦੇ ਹਾਂ ਪਰ ਦੂਜਿਆਂ ਤੋਂ "ਉਮੀਦਾਂ" ਬਹੁਤ ਜ਼ਿਆਦਾ ਪਾਲ ਲੈਂਦੇ ਹਾਂ। ਰਿਸ਼ਤਿਆਂ ਵਿੱਚ ਪਿਆਰ ਮਾਪਣ ਦਾ ਪੈਮਾਨਾ ਬਦਲ ਗਿਆ ਹੈ। ਅੱਜ ਇੱਕ ਪਤਨੀ ਨੂੰ ਆਪਣੇ ਪਤੀ ਤੋਂ ਇਹ ਉਮੀਦ ਰਹਿੰਦੀ ਹੈ ਕਿ ਖਾਸ ਮੌਕਿਆਂ 'ਤੇ ਉਸਨੂੰ ਸਿਰਫ਼ ਯਾਦ ਹੀ ਨਾ ਕੀਤਾ ਜਾਵੇ, ਸਗੋਂ ਕੁਝ ਖਾਸ ਮਹਿਸੂਸ ਕਰਵਾਇਆ ਜਾਵੇ।

ਅੱਜ ਘਰਾਂ ਵਿੱਚ ਅਕਸਰ ਇਹ ਸਵਾਲ ਸੁਣਨ ਨੂੰ ਮਿਲਦੇ ਹਨ ਕਿ "ਇਸ ਵਾਰ ਜਨਮਦਿਨ ਕਿਵੇਂ ਮਨਾਉਣਾ ਹੈ?", "ਪਿਛਲੇ ਇੱਕ ਸਾਲ ਤੋਂ ਤੁਸੀਂ ਮੈਨੂੰ ਕੋਈ ਢੰਗ ਦਾ ਗਿਫਟ ਨਹੀਂ ਦਿੱਤਾ", ਜਾਂ "ਮੇਰੀ ਐਨੀਵਰਸਰੀ 'ਤੇ ਮੇਰੇ ਲਈ ਕੀ ਸਰਪ੍ਰਾਈਜ਼ ਪਲੈਨ ਕੀਤਾ ਹੈ?"।

ਇਹ ਗੱਲ ਸਹੀ ਹੈ ਕਿ ਪਿਆਰ ਦਾ ਇਜ਼ਹਾਰ ਬਹੁਤ ਜ਼ਰੂਰੀ ਹੈ। ਜੇਕਰ ਕੋਈ ਇਨਸਾਨ ਬੋਲ ਕੇ ਜਾਂ ਆਪਣੇ ਕੰਮਾਂ ਰਾਹੀਂ ਪਿਆਰ ਨਾ ਜਤਾਵੇ, ਤਾਂ ਸਾਥੀ ਨੂੰ ਅਣਗੌਲਿਆ ਮਹਿਸੂਸ ਹੋ ਸਕਦਾ ਹੈ। ਅੱਜ ਦੀ ਭੱਜ-ਨੱਠ ਵਾਲੀ ਜ਼ਿੰਦਗੀ ਵਿੱਚ ਦੋ ਪਲ ਪਿਆਰ ਦੇ ਸਾਂਝੇ ਕਰਨੇ ਗਲਤ ਨਹੀਂ ਹਨ। ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਹ ਚੀਜ਼ਾਂ ਖੁਸ਼ੀ ਦਾ ਸਾਧਨ ਬਣਨ ਦੀ ਬਜਾਏ, ਰਿਸ਼ਤੇ ਦੀ ਬੁਨਿਆਦ ਅਤੇ ਸ਼ਰਤ ਬਣ ਜਾਂਦੀਆਂ ਹਨ।

ਅਸੀਂ ਅਣਜਾਣੇ ਵਿੱਚ ਹੀ ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਬਹੁਤ ਵੱਡਾ ਬਣਾ ਲਿਆ ਹੈ। ਸਾਨੂੰ ਇਹ ਲੱਗਣ ਲੱਗ ਪਿਆ ਹੈ ਕਿ ਰਿਸ਼ਤਾ ਸਿਰਫ਼ ਉਦੋਂ ਤੱਕ ਹੀ ਕਾਇਮ ਹੈ ਅਤੇ ਸਫਲ ਹੈ, ਜਦੋਂ ਤੱਕ ਸਾਡੀਆਂ ਇਹ ਨਿੱਜੀ ਮੰਗਾਂ ਅਤੇ ਉਮੀਦਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਪੁਰਾਣੀਆਂ ਮਾਵਾਂ ਸਬਰ ਦੀ ਮੂਰਤ ਸਨ, ਜਦਕਿ ਅੱਜ ਅਸੀਂ ਦਿਖਾਵੇ ਅਤੇ ਪਦਾਰਥਕ ਖੁਸ਼ੀਆਂ ਵਿੱਚ ਉਲਝ ਗਏ ਹਾਂ। ਸੋਸ਼ਲ ਮੀਡੀਆ ਨੇ ਇਸ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਹੈ, ਜਿੱਥੇ ਦੂਜਿਆਂ ਦੀਆਂ ਫੋਟੋਆਂ ਦੇਖ ਕੇ ਅਸੀਂ ਆਪਣੀ ਅਸਲ ਜ਼ਿੰਦਗੀ ਤੋਂ ਅਸੰਤੁਸ਼ਟ ਹੋਣ ਲੱਗ ਪਏ ਹਾਂ।

ਅੰਤ ਵਿੱਚ, ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਤੋਹਫ਼ੇ, ਪਾਰਟੀਆਂ ਅਤੇ ਸਰਪ੍ਰਾਈਜ਼ ਜ਼ਿੰਦਗੀ ਦਾ ਇੱਕ ਰੰਗ ਹੋ ਸਕਦੇ ਹਨ, ਪਰ ਇਹ ਜ਼ਿੰਦਗੀ ਦਾ ਮਕਸਦ ਨਹੀਂ ਹੋਣੇ ਚਾਹੀਦੇ। ਰਿਸ਼ਤੇ ਵਸਤੂਆਂ ਨਾਲ ਨਹੀਂ, ਭਾਵਨਾਵਾਂ ਨਾਲ ਸਾਹ ਲੈਂਦੇ ਹਨ। ਸਾਨੂੰ ਪੁਰਾਣੇ ਅਤੇ ਨਵੇਂ ਦੌਰ ਦੇ ਵਿਚਕਾਰ ਇੱਕ ਪੁਲ ਬਣਾਉਣ ਦੀ ਲੋੜ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਬੱਚੇ ਉਹੀ ਸਿੱਖਦੇ ਹਨ ਜੋ ਉਹ ਸਾਨੂੰ ਕਰਦੇ ਦੇਖਦੇ ਹਨ। ਜੇਕਰ ਅਸੀਂ ਰਿਸ਼ਤਿਆਂ ਨੂੰ ਸੋਸ਼ਲ ਮੀਡੀਆ ਦੀ ਚਕਾਚੌਂਧ ਅਤੇ ਮਹਿੰਗੇ ਤੋਹਫ਼ਿਆਂ ਤੱਕ ਸੀਮਤ ਕਰ ਦੇਵਾਂਗੇ, ਤਾਂ ਆਉਣ ਵਾਲੀ ਪੀੜ੍ਹੀ ਅਸਲ ਰਿਸ਼ਤਿਆਂ ਦੀ ਨਿੱਘ ਤੋਂ ਵਾਂਝੀ ਰਹਿ ਜਾਵੇਗੀ। ਸਾਡੀਆਂ ਮਾਵਾਂ ਵਾਲਾ ਪਰਿਵਾਰਕ 'ਫ਼ਿਕਰ' ਅਤੇ ਅੱਜ ਦੇ ਜ਼ਮਾਨੇ ਦਾ ਪਿਆਰ ਭਰਿਆ 'ਇਜ਼ਹਾਰ' ਜੇਕਰ ਇਨ੍ਹਾਂ ਦੋਵਾਂ ਵਿੱਚ ਸੰਤੁਲਨ ਬਣਾ ਲਿਆ ਜਾਵੇ ਤਾਂ ਰਿਸ਼ਤੇ ਹੋਰ ਵੀ ਖ਼ੂਬਸੂਰਤ ਹੋ ਸਕਦੇ ਹਨ। ਰਿਸ਼ਤੇ ਉਮੀਦਾਂ ਦੇ ਭਾਰ ਹੇਠ ਦੱਬ ਕੇ ਨਹੀਂ, ਸਗੋਂ ਇੱਕ-ਦੂਜੇ ਦੇ ਫ਼ਿਕਰ ਅਤੇ ਆਪਣੇਪਣ ਦੇ ਅਹਿਸਾਸ ਨਾਲ ਹੀ ਨਿਭਦੇ ਹਨ। ਆਓ, ਉਮੀਦਾਂ ਘਟਾਈਏ ਅਤੇ ਆਪਣਾਪਣ ਵਧਾਈਏ।



**ਚਾਨਣਦੀਪ ਸਿੰਘ ਔਲਖ,**
**ਪਿੰਡ ਗੁਰਨੇ ਖ਼ੁਰਦ**
**(ਮਾਨਸਾ), ਸੰਪਰਕ**
**9876888177**

# ਘੜੱਮ ਚੌਧਰੀ

ਚੌਧਰੀ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ ਚਤੁਰਧਰੀ ਤੋਂ ਮੰਨੀ ਜਾਂਦੀ ਹੈ। ਜਿਸ ਦਾ ਅਰਥ ਹੈ ਚਾਰ ਪਿੰਡਾਂ ਦਾ ਮੁਖੀ।ਮੁਗਲਕਾਲ ਚ (ਮੁਗਲਾਂ ਦੇ ਰਾਜ ਸਮੇਂ ) ਚੌਧਰੀ ਬਹੁਤ ਹੀ ਸਨਮਾਨ ਯੋਗ ਪਦਵੀ ਹੋਇਆ ਕਰਦੀ ਸੀ। ਮੁਕੱਦਮ ਦੀ ਤਰ੍ਹਾਂ ਹੀ ਚੌਧਰੀ ਵੀ ਕਈ ਪਿੰਡਾਂ ਦਾ ਮੁਖੀ, ਕਰਤਾ ਧਰਤਾ ਅਤੇ ਕਿਸਾਨਾਂ ਤੋਂ ਸਰਕਾਰੀ ਲਗਾਨ ਇਕੱਠਾ ਕਰ ਕੇ ਸਰਕਾਰੀ ਖਜ਼ਾਨੇ ਚ ਜਮ੍ਹਾਂ ਕਰਵਾਇਆ ਕਰਦਾ ਸੀ। ਇਸ ਦੇ ਨਾਲ ਹੀ ਬੜੇ ਜਿਮੀਦਾਰਾਂ ਅਤੇ ਹੋਰ ਸਨਮਾਨਿਤ ਬਜ਼ੁਰਗਾਂ ਨੂੰ ਚੌਧਰੀ ਸਾਹਿਬ ਦੇ ਨਾਮ ਨਾਲ ਬੁਲਾ ਕੇ ਇੱਜ਼ਤ ਦਿੱਤੀ ਜਾਂਦੀ ਸੀ।ਬੇਸ਼ਕ ਅੱਜ ਇਹ ਸਨਮਾਨਿਤ ਪਦਵੀ ਖਤਮ ਹੋ ਚੁੱਕੀ ਹੈ ਅਤੇ ਆਮ ਬੋਲ ਚਾਲ ਵਿੱਚੋਂ ਚੌਧਰੀ ਸ਼ਬਦ ਅਲੋਪ ਹੋ ਚੁੱਕਾ ਹੈ,ਫ਼ੇਰ ਵੀ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਕਾਫ਼ੀ ਲੋਕ ਆਪਣੇ ਨਾਮ ਨਾਲ " ਚੌਧਰੀ " ਉਪ ਨਾਮ (ਸਰਨੇਮ) ਦੇ ਤੌਰ ਤੇ ਵਰਤਣ ਚ ਮਾਣ ਮਹਿਸੂਸ ਕਰਦੇ ਹਨ। ਕਿਉਂਕਿ " ਚੌਧਰੀ " ਸ਼ਬਦ ਮਾਣ ਸਨਮਾਨ ਪ੍ਰਤੀਕ ਹੈ।

ਸਮੇਂ ਦੇ ਨਾਲ ਸਾਡੇ ਸਮਾਜ ਵਿੱਚੋਂ ਚੌਧਰੀਆਂ ਦਾ ਸਨਮਾਨਿਤ ਰੁਤਬਾ ਬੇਸ਼ਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਪਰ ਉਸ ਦੀ ਥਾਂ ਘੜੱਮ ਚੋਧਰੀਆਂ ਦੀ ਇਕ ਨਵੀਂ ਨਸਲ ਉੱਭਰ ਆਈ ਹੈ।ਜੋ ਹਰ ਸਮਾਜਿਕ, ਧਾਰਮਿਕ ,ਜਾਂ



ਹੋਰ ਕਿਸੇ ਵੀ ਤਰ੍ਹਾਂ ਦੇ ਇਕੱਠ ਵਿੱਚ ਪਹੁੰਚ ਕੇ ਆਪਣੀ ਲੱਤ ਫਸਾ ਲੈਂਦੇ ਹਨ। ਬੇਸ਼ਕ ਘੜੱਮ ਚੌਧਰੀ ਬਣਨ ਲਈ ਕੋਈ ਬੜੀ ਜਿਮੀਂਦਾਰੀ ,ਕੋਈ ਪਦਵੀ,ਕਿਸੇ ਉੱਚੇ ਰੁਤਬੇ ਜਾਂ ਉੱਚ ਵਿੱਦਿਅਕ ਯੋਗਤਾ ਦੀ ਜਰੂਰਤ ਨਹੀਂ ਹੈ, ਫ਼ੇਰ ਵੀ ਘੜੱਮ ਚੌਧਰੀ ਬਣਨਾ ਇੰਨਾ ਅਸਾਨ ਵੀ ਨਹੀਂ ਹੈ।ਇੱਕ ਕਾਮਯਾਬ ਘੜੱਮ ਚੌਧਰੀ ਵਿੱਚ ਭਰਪੂਰ ਆਤਮ ਵਿਸ਼ਵਾਸ ਦੇ ਨਾਲ ਨਾਲ ਹੱਦ ਦਰਜੇ ਦਾ ਢੀਠਪੁਣਾਂ ਹੋਣ ਬਹੁਤ ਜਰੂਰੀ ਹੈ। ਉਹ ਰੱਜਵੀਂ ਕੁੱਤੇ ਖਾਣੀ ਵੀ ਹੱਸ ਹੱਸ ਕੇ ਬਰਦਾਸ਼ਤ ਕਰ ਲੈਂਦਾ ਹੈ। ਕੋਰੇ ਝੂਠ ਨੂੰ, ਸੱਚ ਸਾਬਿਤ ਕਰ ਦੇਣ ਦਾ ਹੁਨਰ ਰੱਖਣ ਵਾਲਾ ਘੜੱਮ ਚੌਧਰੀ ਇਸ ਖੇਤਰ ਵਿੱਚ ਬੁਲੰਦੀਆਂ ਨੂੰ ਛੂਹ ਜਾਂਦਾ ਹੈ। ਘੜੱਮ ਚੌਧਰੀ ਚ ਆਪਣੀਆਂ ਗੱਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੁੰਦੀ ਹੈ,ਜਿਸ ਕਾਰਨ ਆਮ ਲੋਕ ਉਸ 'ਤੇ ਵਿਸ਼ਵਾਸ ਕਰ ਲੈਂਦੇ ਹਨ।

ਅੱਜ ਕਲ ਇੱਕ ਨਵੀਂ ਕਿਸਮ ਦੇ ਘੜੱਮ ਚੌਧਰੀ ਬਹੁਤ ਪੈਦਾ ਹੋ ਰਹੇ ਹਨ। ਜਿਹਨਾਂ ਦੀ ਘਰਵਾਲੀ ਜਾਂ ਖਾਸ ਦੋਸਤ ਕੋਈ ਚੋਣ ਜਿਤ ਜਾਂਦਾ ਹੈ,ਉਹ ਵੀ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਇਕੱਠਾਂ ਵਿੱਚ ਅੱਗੇ ਆ ਕੇ ਘੜੱਮ ਚੌਧਰੀ ਬਣਨਾ ਸ਼ੁਰੂ ਕਰ ਦਿੰਦੇ ਹੈ।ਪਰ ਇਸ ਕਿਸਮ ਦੇ ਘੜੱਮ ਚੌਧਰੀ ਜਿਆਦਾ ਦੇਰ ਟਿਕ ਨਹੀਂ ਪਾਉਦੇ।ਜਿਸ ਤਰ੍ਹਾਂ ਇਹ ਅਚਾਨਕ ਉਭਰਦੇ ਹਨ, ਉਸੇ ਤਰ੍ਹਾਂ ਅਲੋਪ ਹੋ ਜਾਂਦੇ ਹਨ। ਇਹਨਾਂ ਦੀ ਮਜੂਦਗੀ ਉਨ੍ਹਾਂ ਸਮਾਂ ਰਹਿਦੀ ਜਿੰਨੀ ਕੁ ਸਮਾਂ ਇਹਨਾਂ ਦੇ ਕਰੀਬੀ ਕੋਲ ਪਦਵੀ ਰਹਿੰਦੀ ਹੈ।ਕੁੱਝ ਖਾਸ ਮੌਕਿਆਂ ਤੇ, ਪੈਸੇ ਦੇ ਜ਼ੋਰ ਨਾਲ ਵੀ ਘੜੱਮ ਚੌਧਰੀ ਉਭਰਦੇ ਹਨ, ਪਰ ਇਹਨਾਂ ਨੂੰ ਘੜੱਮ ਚੌਧਰੀ ਕਹਿਣਾ ਇਹਨਾਂ ਨਾਲ ਜਿਆਦਤੀ ਹੈ। ਅਸਲ ਵਿੱਚ ਇਹ ਘੜੱਮ ਚੌਧਰੀ ਨਹੀਂ ਵਡਿਆਈ ਦੇ ਭੁੱਖੇ ਹੁੰਦੇ ਹਨ।ਇਹਨਾਂ ਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਹੁੰਦਾ, ਬੱਸ ਚਾਰ ਦਿਨ ਦੀ ਵਡਿਆਈ ਨਾਲ ਇਹਨਾਂ ਦੇ ਚੇਹਰੇ ਹੀ ਨਹੀਂ ਹਿਰਦੇ ਵੀ ਖੁਸ਼ੀ ਨਾਲ ਖਿੜ ਜਾਂਦੇ ਹਨ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਪੰਛੀਆਂ ਦੀ ਬੇਘਰੀ ਅਤੇ ਸਾਡੀ ਨਕਲੀ ਹਮਦਰਦੀ: ਰੁੱਖ ਲਗਾਓ, ਕੁਦਰਤ ਬਚਾਓ

ਅਜੋਂਕੇ ਸਮੇਂ ਵਿੱਚ ਅਸੀਂ ਇੱਕ ਅਜਿਹੇ ਦੌਰ ਵਿੱਚ ਜੀਅ ਰਹੇ ਹਾਂ ਜਿੱਥੇ ਇਨਸਾਨ ਨੇ ਆਪਣੇ ਲਈ ਤਾਂ ਅਕਾਸ਼-ਛੂਹੰਦੀਆਂ ਇਮਾਰਤਾਂ ਖੜ੍ਹੀਆਂ ਕਰ ਲਈਆਂ ਹਨ, ਉਨ੍ਹਾਂ ਨੂੰ ਬਣਾਉਣ ਦੀ ਚਾਹਤ ਵਿੱਚ ਪੰਛੀਆਂ ਦੇ ਸਦੀਆਂ ਪੁਰਾਣੇ ਰੈਣ-ਬਸੇਰੇ (ਰੁੱਖ) ਜੜ੍ਹੋਂ ਪੁੱਟ ਦਿੱਤੇ ਹਨ। ਜਦੋਂ ਵਾਤਾਵਰਣ ਦਾ ਸੰਤੁਲਨ ਵਿਗੜਦਾ ਹੈ ਅਤੇ ਪੰਛੀਆਂ ਦੀਆਂ ਡਾਰਾਂ ਘਟਦੀਆਂ ਨਜ਼ਰ ਆਉਂਦੀਆਂ ਹਨ, ਤਾਂ ਅਸੀਂ ਆਪਣੀ ਮਾਨਸਿਕ ਤਸੱਲੀ ਲਈ ਰੁੱਖਾਂ ਨਾਲ ਲੱਕੜ ਦੇ ਡੱਬੇ ਜਾਂ ਪਲਾਸਟਿਕ ਦੀਆਂ ਬੋਤਲਾਂ ਟੰਗ ਕੇ ਇਹ ਸਮਝ ਲੈਂਦੇ ਹਾਂ ਕਿ ਅਸੀਂ ਪੰਛੀਆਂ 'ਤੇ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ। ਸੱਚ ਤਾਂ ਇਹ ਹੈ ਕਿ ਨਕਲੀ ਆਲ੍ਹਣਾ ਕਦੇ ਵੀ ਰੁੱਖ ਦੀ ਥਾਂ ਨਹੀਂ ਲੈ ਸਕਦਾ। ਮਨੁੱਖੀ ਉਦਾਹਰਣ ਨਾਲ ਸਮਝੋ: ਜ਼ਰਾ ਕਲਪਨਾ ਕਰੋ, ਜੇਕਰ ਕੋਈ ਤੁਹਾਡਾ ਜੱਦੀ-ਪੁਸ਼ਤੀ ਘਰ ਢਾਹ ਦੇਵੇ, ਤੁਹਾਡੇ ਵਿਹੜੇ ਦੇ ਰੁੱਖ ਵੱਢ ਦੇਵੇ, ਤੁਹਾਡੇ ਪੀਣ ਵਾਲੇ ਪਾਣੀ ਦੇ ਸੋਮੇ ਸੁਕਾ ਦੇਵੇ ਅਤੇ ਫਿਰ ਤੁਹਾਨੂੰ ਰਹਿਣ ਲਈ ਇੱਕ ਪਲਾਸਟਿਕ ਦਾ ਛੋਟਾ ਜਿਹਾ ਖੋਖਲਾ 'ਡੱਬਾ' ਦੇ ਦੇਵੇ, ਕੀ ਤੁਸੀਂ ਉਸ ਨੂੰ ਆਪਣਾ 'ਘਰ' ਕਹੋਗੇ? ਕੀ ਤੁਸੀਂ ਉਸ ਵਿੱਚ ਸਕੂਨ ਨਾਲ ਰਹਿ ਸਕੋਗੇ? ਬਿਲਕੁਲ ਨਹੀਂ! ਉਹ ਤੁਹਾਡੇ ਲਈ ਇੱਕ 'ਪਨਾਹ' ਹੋ ਸਕਦੀ ਹੈ, ਘਰ ਨਹੀਂ। ਇਹੀ ਹਾਲ ਅਸੀਂ ਪੰਛੀਆਂ ਦਾ ਕੀਤਾ ਹੈ। ਅਸੀਂ ਉਨ੍ਹਾਂ ਦੇ ਹਰੇ-ਭਰੇ ਜੰਗਲ ਅਤੇ ਰੁੱਖ ਖੋਹ ਕੇ ਉਨ੍ਹਾਂ ਨੂੰ ਪਲਾਸਟਿਕ ਦੇ ਟੁਕੜਿਆਂ ਵਿੱਚ ਰਹਿਣ ਲਈ ਮਜਬੂਰ ਕਰ ਰਹੇ ਹਾਂ।

ਰੁੱਖ ਮਾਂ ਹੈ, ਆਲ੍ਹਣਾ ਇੱਕ ਬਿਸਤਰਾ: ਇੱਕ ਮਾਂ ਅਤੇ ਬੱਚੇ ਦਾ ਰਿਸ਼ਤਾ ਜਿਵੇਂ ਨਿੱਘ ਅਤੇ ਸੁਰੱਖਿਆ ਨਾਲ ਭਰਿਆ ਹੁੰਦਾ ਹੈ, ਰੁੱਖ ਅਤੇ ਪੰਛੀ ਦਾ ਰਿਸ਼ਤਾ ਵੀ ਬਿਲਕੁਲ ਉਹੀ ਹੈ। ਰੁੱਖ ਇੱਕ ਛੱਤ ਨਹੀਂ ਦਿੰਦਾ, ਉਹ ਪੰਛੀ ਨੂੰ ਭੋਜਨ ਦਿੰਦਾ ਹੈ, ਤੇਜ਼ ਹਵਾਵਾਂ ਤੋਂ ਬਚਾਉਂਦਾ ਹੈ, ਦੁਪਹਿਰ ਦੀ ਤਪਸ਼ ਵਿੱਚ ਏਅਰ-ਕੰਡੀਸ਼ਨਰ ਵਰਗੀ ਠੰਢਕ ਦਿੰਦਾ ਹੈ ਅਤੇ ਦੁਸ਼ਮਣਾਂ ਤੋਂ ਲੁਕਣ ਲਈ ਓਟ ਦਿੰਦਾ ਹੈ। ਨਕਲੀ ਆਲ੍ਹਣਾ ਇੱਕ 'ਲੋਹੇ ਦੇ ਬਿਸਤਰੇ' ਵਾਂਗ ਹੈ, ਜਦੋਂ ਕਿ ਰੁੱਖ 'ਮਾਂ ਦੀ ਗੋਦ' ਵਰਗਾ ਹੈ। ਪੰਛੀ ਆਪਣੀ ਚੁੰਝ ਨਾਲ ਜਿਹੜਾ ਆਲ੍ਹਣਾ ਤਿਆਰ ਕਰਦਾ ਹੈ, ਉਸ ਵਿੱਚ ਉਹ ਆਪਣੀ ਜਾਨ ਪਾਉਂਦਾ ਹੈ। ਸਾਡੇ ਦਿੱਤੇ ਨਕਲੀ ਢਾਂਚੇ ਉਸ ਲਈ ਇੱਕ ਮਜਬੂਰੀ ਹਨ।

ਵਾਤਾਵਰਣ ਦਾ ਸੰਕਟ: ਅਸੀਂ ਕੀ ਗੁਆ ਰਹੇ ਹਾਂ?: ਪੰਛੀਆਂ ਦਾ ਮੁੱਕਣਾ ਇੱਕ ਜੀਵ ਦਾ ਮੁੱਕਣਾ ਨਹੀਂ ਹੈ, ਇਹ ਸਾਡੇ ਵਿਨਾਸ਼ ਦੀ ਸ਼ੁਰੂਆਤ ਹੈ।



ਕੁਦਰਤੀ ਸੰਤੁਲਨ: ਇੱਕ ਰੁੱਖ ਹਜ਼ਾਰਾਂ ਕੀੜੇ-ਮਕੌੜਿਆਂ ਦਾ ਘਰ ਹੁੰਦਾ ਹੈ, ਜਿਨ੍ਹਾਂ ਨੂੰ ਪੰਛੀ ਖਾਂਦੇ ਹਨ। ਜਦੋਂ ਰੁੱਖ ਨਹੀਂ ਰਹਿਣਗੇ, ਪੰਛੀ ਨਹੀਂ ਆਉਣਗੇ, ਅਤੇ ਕੀੜੇ-ਮਕੌੜੇ ਸਾਡੀਆਂ ਫ਼ਸਲਾਂ ਨੂੰ ਤਬਾਹ ਕਰ ਦੇਣਗੇ। ਫਿਰ ਅਸੀਂ ਜ਼ਹਿਰੀਲੀਆਂ ਦਵਾਈਆਂ ਛਿੜਕਾਂਗੇ, ਜੋ ਅੰਤ ਵਿੱਚ ਸਾਡੇ ਸਰੀਰ ਵਿੱਚ ਲਾ-ਇਲਾਜ ਬਿਮਾਰੀਆਂ ਬਣ ਕੇ ਦਾਖ਼ਲ ਹੋਣਗੀਆਂ।

ਆਕਸੀਜਨ ਦੀ ਫੈਕਟਰੀ: ਅਸੀਂ ਪੰਛੀਆਂ ਲਈ ਆਲ੍ਹਣੇ ਤਾਂ ਟੰਗ ਰਹੇ ਹਾਂ, ਇਹ ਭੁੱਲ ਰਹੇ ਹਾਂ ਕਿ ਉਹ ਨਕਲੀ ਆਲ੍ਹਣਾ ਸਾਨੂੰ ਆਕਸੀਜਨ ਨਹੀਂ ਦੇਵੇਗਾ। ਰੁੱਖ ਲਗਾਵਾਂਗੇ ਤਾਂ ਹੀ ਸਾਨੂੰ ਸਾਹ ਮਿਲੇਗਾ ਅਤੇ ਪੰਛੀਆਂ ਨੂੰ ਘਰ।

ਧਰਤੀ ਦਾ ਤਾਪਮਾਨ: ਕੰਕਰੀਟ ਦੀਆਂ ਸੜਕਾਂ ਅਤੇ ਨਕਲੀ ਆਲ੍ਹਣੇ ਧਰਤੀ ਨੂੰ ਠੰਢਾ ਨਹੀਂ ਕਰ ਸਕਦੇ। ਵਧਦੀ ਗਰਮੀ ਤੋਂ ਬਚਣ ਦਾ ਇੱਕੋ-ਇੱਕ ਰਸਤਾ ਹੈ 'ਰੁੱਖ'।

ਸਾਡੀ ਅਸਲੀ ਜ਼ਿੰਮੇਵਾਰੀ: ਸਾਨੂੰ ਇਹ ਸਮਝਣਾ ਪਵੇਗਾ ਕਿ ਪੰਛੀਆਂ ਨੂੰ ਸਾਡੀ 'ਦਇਆ' ਦੀ ਲੋੜ ਨਹੀਂ, ਸਾਡੇ ਵੱਲੋਂ ਕੀਤੀ ਗਈ 'ਦਖਲਅੰਦਾਜ਼ੀ' ਦੇ ਬੰਦ ਹੋਣ ਦੀ ਲੋੜ ਹੈ।

ਨਵੇਂ ਰੁੱਖ ਲਗਾਓ: ਸ਼ੋਅ-ਪੀਸ ਵਾਲੇ ਪੌਦੇ ਨਹੀਂ, ਦੇਸੀ ਰੁੱਖ ਜਿਵੇਂ ਨਿੰਮ, ਬੋਹੜ, ਪਿੱਪਲ, ਧਰੇਕ ਅਤੇ ਟਾਹਲੀ ਲਗਾਓ।

ਕੁਦਰਤੀ ਹੱਦਾਂ (ਇਦਗਇਸ): ਖੇਤਾਂ ਅਤੇ ਘਰਾਂ ਦੀਆਂ ਕੰਧਾਂ 'ਤੇ ਕੰਕਰੀਟ ਦੀ ਜਗ੍ਹਾ ਕੁਦਰਤੀ ਵਾੜਾਂ ਲਗਾਓ ਜਿੱਥੇ ਪੰਛੀ ਆਪਣੀ ਮਰਜ਼ੀ ਨਾਲ ਘਰ ਬਣਾ ਸਕਣ।

ਪਾਣੀ ਦੇ ਸਰੋਤ: ਆਪਣੇ ਘਰਾਂ ਦੇ ਆਲੇ-ਦੁਆਲੇ ਛੋਟੇ-ਛੋਟੇ ਮਿੱਟੀ ਦੇ ਬਰਤਨਾਂ ਵਿੱਚ ਪਾਣੀ ਰੱਖੋ, ਸਭ ਤੋਂ ਜ਼ਰੂਰੀ ਹੈ ਕਿ ਉਨ੍ਹਾਂ ਦੇ ਕੁਦਰਤੀ ਸਰੋਤਾਂ (ਟੋਭਿਆਂ) ਨੂੰ ਗੰਦਾ ਨਾ ਕਰੋ।

ਜੇਕਰ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਨਸਲਾਂ ਪੰਛੀਆਂ ਨੂੰ ਸਿਰਫ਼ ਕਿਤਾਬਾਂ ਵਿੱਚ ਨਾ ਦੇਖਣ, ਤਾਂ ਸਾਨੂੰ ਰੁੱਖਾਂ ਨੂੰ ਕੱਟਣਾ ਬੰਦ ਕਰਨਾ ਪਵੇਗਾ। ਨਕਲੀ ਆਲ੍ਹਣਾ ਲਗਾ ਕੇ ਅਸੀਂ ਆਪਣੇ ਗੁਨਾਹਾਂ ਦਾ ਪਛਤਾਵਾ ਤਾਂ ਕਰ ਸਕਦੇ ਹਾਂ, ਪਰ ਕੁਦਰਤ ਨੂੰ ਮੁੜ ਸੁਰਜੀਤ ਨਹੀਂ ਕਰ ਸਕਦੇ। ਰੁੱਖ ਰਹੇਗਾ ਤਾਂ ਪੰਛੀ ਰਹੇਗਾ, ਪੰਛੀ ਰਹੇਗਾ ਤਾਂ ਕੁਦਰਤ ਰਹੇਗੀ, ਅਤੇ ਜੇ ਕੁਦਰਤ ਰਹੇਗੀ ਤਾਂ ਹੀ ਮਨੁੱਖ ਦਾ ਵਜੂਦ ਰਹੇਗਾ।

ਆਓ ਅਹਿਦ ਕਰੀਏ: ਇਸ ਵਾਰ ਆਲ੍ਹਣਾ ਨਹੀਂ, ਇੱਕ ਰੁੱਖ ਲਗਾਵਾਂਗੇ!



**ਪ੍ਰੋ. ਪਵਨ ਖਿੱਚੀ,**
**ਮਾਨਸਾ**
**ਮੋਬਾ. 9478160786**

# ਰੂਹ ਦੀ ਖ਼ੂਬਸੂਰਤੀ ਬਨਾਮ ਚਿਹਰੇ ਦਾ ਸ਼ਿੰਗਾਰ

ਖ਼ੂਬਸੂਰਤ ਹੋਣਾ ਅਤੇ ਖ਼ੂਬਸੂਰਤ ਲੱਗਣਾ ਮਨੁੱਖੀ ਹੋਂਦ ਦੇ ਦੋ ਅਜਿਹੇ ਪਹਿਲੂ ਹਨ ਜੋ ਅਕਸਰ ਸਾਨੂੰ ਭੰਬਲਭੂਸੇ ਵਿੱਚ ਪਾ ਦਿੰਦੇ ਹਨ ਕਿਉਂਕਿ ਅਜੋਕਾ ਦੌਰ ਪਦਾਰਥਵਾਦੀ ਹੈ ਜਿੱਥੇ ਦਿਖਾਵੇ ਨੂੰ ਹੀ ਸੱਚਾਈ ਮੰਨ ਲਿਆ ਗਿਆ ਹੈ ਪਰ ਜੇਕਰ ਅਸੀਂ ਡੂੰਘਾਈ ਨਾਲ ਵਿਚਾਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਖ਼ੂਬਸੂਰਤ ਲੱਗਣਾ ਸਿਰਫ਼ ਇੱਕ ਮਾਨਸਿਕ ਭਰਮ ਜਾਂ ਸਮਾਜਿਕ ਮਾਪਦੰਡਾਂ ਦੀ ਪੂਰਤੀ ਮਾਤਰ ਹੈ ਜੋ ਬਾਹਰੀ ਰੰਗ-ਰੂਪ, ਨੈਣ-ਨਕਸ਼ ਅਤੇ ਪਹਿਰਾਵੇ ਤੱਕ ਸੀਮਤ ਰਹਿੰਦਾ ਹੈ ਜਦਕਿ ਖ਼ੂਬਸੂਰਤ ਹੋਣਾ ਇੱਕ ਅਜਿਹੀ ਬ੍ਰਹਮ ਅਵਸਥਾ ਹੈ ਜਿਸ ਦਾ ਵਾਸਾ ਮਨੁੱਖ ਦੇ ਅੰਦਰੂਨੀ ਗੁਣਾਂ ਅਤੇ ਉਸ ਦੀ ਰੂਹ ਵਿੱਚ ਹੁੰਦਾ ਹੈ। ਖ਼ੂਬਸੂਰਤ ਲੱਗਣ ਦੀ ਲਾਲਸਾ ਵਿੱਚ ਅੱਜ ਦਾ ਇਨਸਾਨ ਬਾਜ਼ਾਰੀ ਵਸਤੂਆਂ, ਮਹਿੰਗੇ ਅਤੇ ਬਨਾਵਟੀ ਜੀਵਨ ਸ਼ੈਲੀ ਦਾ ਗੁਲਾਮ ਬਣ ਕੇ ਰਹਿ ਗਿਆ ਹੈ ਜਿੱਥੇ ਹਰ ਕੋਈ ਦੂਜਿਆਂ ਦੀਆਂ ਅੱਖਾਂ ਵਿੱਚ ਜਚਣ ਲਈ ਆਪਣੇ ਅਸਲ ਵਜੂਦ ਨੂੰ ਗੁਆ ਰਿਹਾ ਹੈ ਪਰ ਇਹ ਬਾਹਰੀ ਚਮਕ-ਧਮਕ ਬਹੁਤ ਥੋੜ੍ਹ-ਚਿਰੀ ਹੁੰਦੀ ਹੈ ਜੋ ਵਕਤ ਦੀ ਇੱਕੋ ਹਨੇਰੀ ਨਾਲ ਧੁੰਦਲੀ ਪੈ ਜਾਂਦੀ ਹੈ ਅਤੇ ਬੁਢਾਪੇ ਦੀ ਦਹਿਲੀਜ਼ 'ਤੇ ਪਹੁੰਚਦਿਆਂ ਹੀ ਇਹ ਸੁੰਦਰਤਾ ਇੱਕ ਬੋਝ ਮਹਿਸੂਸ ਹੋਣ ਲੱਗਦੀ ਹੈ ਪਰ ਇਸ ਦੇ ਉਲਟ ਜੋ ਇਨਸਾਨ ਅੰਦਰੋਂ ਖ਼ੂਬਸੂਰਤ ਹੁੰਦਾ ਹੈ ਉਸ ਦੀ ਖਿੱਚ ਉਮਰ ਦੇ ਨਾਲ-ਨਾਲ ਹੋਰ ਵਧਦੀ ਜਾਂਦੀ ਹੈ ਕਿਉਂਕਿ ਉਸ ਦੀ ਸੁੰਦਰਤਾ ਦਾ ਸਰੋਤ ਉਸ ਦਾ ਨਿਰਮਲ ਸੁਭਾਅ, ਦੂਜਿਆਂ ਪ੍ਰਤੀ ਹਮਦਰਦੀ, ਸੱਚੀ ਮੁਸਕਰਾਹਟ ਅਤੇ ਨਿਰਸਵਾਰਥ ਸੇਵਾ ਭਾਵਨਾ ਹੁੰਦੀ ਹੈ ਜੋ ਕਿਸੇ ਵੀ ਮੇਕਅੱਪ ਨਾਲੋਂ ਹਜ਼ਾਰ ਗੁਣਾ ਵੱਧ ਪ੍ਰਭਾਵਸ਼ਾਲੀ ਹੁੰਦੀ ਹੈ। ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਜਿੱਥੇ ਫਿਲਟਰਾਂ ਰਾਹੀਂ ਚਿਹਰਿਆਂ ਨੂੰ ਚਮਕਾਇਆ ਜਾਂਦਾ ਹੈ ਉੱਥੇ ਰੂਹਾਂ ਦਾ ਕਾਲਾਪਣ ਅਕਸਰ ਲੁਕਿਆ ਰਹਿ ਜਾਂਦਾ ਹੈ ਪਰ ਸਮਾਜ ਵਿੱਚ ਵਿਚਰਦਿਆਂ ਜਦੋਂ ਇਨਸਾਨ ਦੇ ਬੋਲ ਕੌੜੇ ਹੋਣ ਜਾਂ ਉਸ ਦਾ ਵਿਵਹਾਰ ਅਪਮਾਨਜਨਕ ਹੋਵੇ ਤਾਂ ਸਭ ਤੋਂ ਸੋਹਣਾ ਦਿਖਣ ਵਾਲਾ ਚਿਹਰਾ ਵੀ ਬਦਸੂਰਤ ਨਜ਼ਰ ਆਉਣ ਲੱਗਦਾ ਹੈ ਜਦਕਿ ਇੱਕ ਸਾਧਾਰਨ ਦਿਖ ਵਾਲਾ ਵਿਅਕਤੀ ਜਦੋਂ ਮਿੱਠੀ ਜ਼ੁਬਾਨ ਅਤੇ ਨੇਕ ਨੀਅਤ ਨਾਲ ਗੱਲ ਕਰਦਾ ਹੈ ਤਾਂ ਉਹ ਪੂਰੀ ਕਾਇਨਾਤ ਵਿੱਚ ਸਭ ਤੋਂ ਖ਼ੂਬਸੂਰਤ ਜਾਪਣ ਲੱਗਦਾ ਹੈ। ਅਸਲ ਵਿੱਚ ਖ਼ੂਬਸੂਰਤ ਹੋਣਾ ਇੱਕ ਨਿਰੰਤਰ ਸਾਧਨਾ ਹੈ ਜਿਸ ਲਈ ਸਾਨੂੰ ਆਪਣੇ ਵਿਚਾਰਾਂ ਨੂੰ ਸ਼ੁੱਧ ਕਰਨਾ ਪੈਂਦਾ ਹੈ ਅਤੇ ਆਪਣੇ ਅਹੰਕਾਰ ਨੂੰ ਤਿਆਗ ਕੇ ਮਾਨਵਤਾ ਦੇ ਭਲੇ ਲਈ ਜਿਉਣਾ ਪੈਂਦਾ ਹੈ ਕਿਉਂਕਿ ਸਰੀਰਕ ਸੁੰਦਰਤਾ ਸਿਰਫ ਦੇਖਣ ਵਾਲੇ ਦੀ ਅੱਖ ਨੂੰ ਤ੍ਰਿਪਤ ਕਰ ਸਕਦੀ ਹੈ ਪਰ ਮਨ ਦੀ ਸੁੰਦਰਤਾ ਸਾਹਮਣੇ ਵਾਲੇ ਦੇ ਦਿਲ ਵਿੱਚ ਉੱਤਰ ਕੇ ਉਸ ਦੇ ਜੀਵਨ ਨੂੰ ਵੀ ਰੌਸ਼ਨ ਕਰ ਦਿੰਦੀ ਹੈ ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਚਿਹਰਿਆਂ ਨੂੰ ਲਿਸ਼ਕਾਉਣ ਦੀ ਦੌੜ ਵਿੱਚੋਂ ਨਿਕਲ ਕੇ ਆਪਣੇ ਕਿਰਦਾਰ ਨੂੰ ਇੰਨਾ ਉੱਚਾ ਅਤੇ ਸੁੱਚਾ ਬਣਾਈਏ ਕਿ ਸਾਡੀ ਗੈਰ-ਮੌਜੂਦਗੀ ਵਿੱਚ ਵੀ ਸਾਡੀ ਖ਼ੂਬਸੂਰਤੀ ਦੀ ਮਹਿਕ ਲੋਕਾਂ ਦੇ ਦਿਲਾਂ ਵਿੱਚ ਵਸੀ ਰਹੇ ਅਤੇ ਅਸੀਂ ਸਹੀ ਅਰਥਾਂ ਵਿੱਚ ਇਨਸਾਨੀਅਤ ਦੇ ਮੁਜੱਸਮੇ ਬਣ ਸਕੀਏ ਕਿਉਂਕਿ ਅੰਤ ਵਿੱਚ ਸਿਰਫ ਉਹੀ ਸੁੰਦਰਤਾ ਸਦੀਵੀ ਰਹਿੰਦੀ ਹੈ ਜੋ ਰੂਹ ਤੋਂ ਉਪਜਦੀ ਹੈ ਅਤੇ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿ ਕੇ ਦੂਜਿਆਂ ਦੇ ਕੰਮ ਆਉਣ ਵਿੱਚ ਵਿਸ਼ਵਾਸ ਰੱਖਦੇ ਹਨ।



**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ 9417820000**

# "ਮੁਹੱਬਤ ਰੂਪੀ ਝੀਲਾਂ ਤੇ ਉਕਰੇ ਹਰਫ਼ – ਝੀਲ ਪਿੰਡੇ ਤੇ ਲਿਖੀ ਬਹਿਰ"

**ਪੁਸਤਕ ਦਾ ਨਾਂ – ਝੀਲ ਪਿੰਡੇ ਤੇ ਲਿਖੀ ਬਹਿਰ**
**ਗ਼ਜ਼ਲਕਾਰ – ਜੋਗਿੰਦਰ ਸਿੰਘ ਪਾਂਧੀ ਕਸ਼ਮੀਰ**
**ਪੰਨੇ – 127 ਕੀਮਤ – 300/– ਰੁਪਏ**
**ਪ੍ਰਕਾਸ਼ਕ – ਹਾਈ ਬਰੋ ਪਬਲੀਕੇਸ਼ਨਜ਼, ਜੰਮੂ**

ਕਾਵਿ ਵਿਧਾ ਵਿੱਚ ਗ਼ਜ਼ਲ ਦਾ ਆਪਣਾ ਹੀ ਮੁਕਾਮ ਹੈ। ਉਰਦੂ ਫ਼ਾਰਸੀ ਤੋਂ ਪੰਜਾਬੀ ਤੱਕ ਗ਼ਜ਼ਲ ਨੇ ਬਹੁਤ ਸਫ਼ਰ ਤਹਿ ਕੀਤਾ ਹੈ। ਖੇਤਰੀ ਭਾਸ਼ਾ ਵਿਚ ਖੀ ਜਾਣ ਵਾਲੀ ਗ਼ਜ਼ਲ ਦਾ ਇਸ ਇਲਾਕੇ ਵਿੱਚ ਅਹਿਮ ਥਾਂ ਹੁੰਦਾ ਹੈ। ਜੋਗਿੰਦਰ ਸਿੰਘ ਪਾਂਧੀ ਜੰਮੂ ਕਸ਼ਮੀਰ ਤੋਂ ਪ੍ਰਸਿੱਧ ਗ਼ਜ਼ਲਕਾਰ ਲਿਖਦਾ ਹੈ ਕਿ ਸਾਹਿਤ ਜਾਂ ਕਵਿਤਾ ਦਾ ਕੋਈ ਦੇਸ਼ ਨਹੀਂ ਹੁੰਦਾ ਪਰ ਭਾਸ਼ਾ ਦਾ ਹੋ ਸਕਦਾ ਹੈ। ਜਿਹੜਾ ਕਾਨੂੰਨ ਨਾਲ ਬਾਵਸਤਾ ਹੁੰਦੇ ਹੋਏ ਵੀ ਗ਼ਜ਼ਲ ਦੀ ਵਿਧਾ ਨੂੰ ਬਾਖੂਬੀ ਨਿਭਾ ਰਿਹਾ ਹੈ। ਭਾਵੇਂ ਪਾਂਧੀ ਨੇ ਸੱਤ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ ਅਤੇ ਇੱਕ ਗ਼ਜ਼ਲ ਸੰਗ੍ਰਹਿ " ਗਜ਼ਾਲਾ" ਤੋਂ ਬਾਅਦ ਦੂਜਾ ਗ਼ਜ਼ਲ ਸੰਗ੍ਰਹਿ " ਝੀਲ ਪਿੰਡੇ ਤੇ ਲਿਖੀ ਬਹਿਰ" ਪਾਠਕਾਂ ਦੀ ਸੱਥ ਵਿੱਚ ਪੇਸ਼ ਕੀਤਾ ਹੈ। ਜਦੋਂ ਅਸੀਂ ਹਥਲੇ ਗ਼ਜ਼ਲ ਸੰਗ੍ਰਹਿ ਦੇ ਵਿੱਚੋ ਲੰਘਦੇ ਹਾਂ ਤਾਂ ਜੰਮੂ ਕਸ਼ਮੀਰ ਦੀਆਂ ਖੂਬਸੂਰਤ ਝੀਲਾਂ ਦੇ ਦਰਸ਼ਨ ਹੁੰਦੇ ਹਨ। ਇਹ ਪੁਸਤਕ ਗ਼ਜ਼ਲਕਾਰ ਪਾਂਧੀ ਨੇ ਉਹਨਾਂ ਲੇਖਕ ਮਿੱਤਰਾਂ ਨੂੰ ਸਮਰਪਿਤ ਕੀਤੀ ਹੈ ਜਿਹੜੇ ਸਾਡੇ ਵਿਚਕਾਰ ਨਹੀਂ ਹਨ। ਇਸ ਨੇ ਆਪਣੀ ਗ਼ਜ਼ਲ ਦਾ ਮੁਕੱਦਮਾ ਆਪ ਹੀ ਪਾਠਕਾਂ ਦੀ ਕਚਹਿਰੀ ਵਿਚ ਲਿਆ ਧਰਿਆ ਹੈ। ਜਿਸ ਵਿੱਚ ਉਸ ਨੇ ਜਿੱਥੇ ਆਪਣੇ ਸਾਹਿਤਕ ਸਫ਼ਰ ਦਾ ਵਰਨਣ ਕੀਤਾ ਹੈ ਉਥੇ ਇਸ ਨੇ ਇਸ ਦੀਆਂ ਪਹਿਲੀਆਂ ਪੁਸਤਕਾਂ ਦੇ ਸਾਹਿਤਕ ਵਿਦਵਾਨਾਂ ਵਲੋਂ ਕੀਤੇ ਰਿਵਿਊ ਅਤੇ ਵਿਚਾਰਾਂ ਨੂੰ ਗਵਾਹੀ ਦੇ ਤੌਰ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਮੈਗਜ਼ੀਨ ਸ਼ੀਰਾਜ਼ਾ ਦੇ ਸੰਪਾਦਕ ਅਤੇ ਲੇਖਕ ਪੋਪਿੰਦਰ ਸਿੰਘ ਪਾਰਸ ਨੇ ਇਸ ਗ਼ਜ਼ਲਗੋ ਬਾਰੇ ਕਿਹਾ ਹੈ ਕਿ "ਜੋਗਿੰਦਰ ਪਾਂਧੀ ਤਨਹਾਈ ਪਸੰਦ ਅਤੇ ਦਰਵੇਸ਼ ਬਿਰਤੀ ਦਾ ਕਵੀ ਹੈ।"

ਜਿਵੇਂ ਪਾਂਧੀ ਦੀ ਕਵਿਤਾ ਪ੍ਰਯੋਗਵਾਦੀ ਅਤੇ ਆਧੁਨਿਕਤਾਵਾਦੀ ਹੈ ਉਵੇਂ ਹੀ ਗ਼ਜ਼ਲ ਵਿੱਚੋਂ ਵੀ ਇਹਨਾਂ ਸਿਧਾਂਤਾਂ ਦਾ ਉਭਾਰ ਨਜ਼ਰ ਆਉਂਦਾ ਹੈ। ਪੁਸਤਕ ਵਿਚਲੀਆਂ ਸਾਰੀਆਂ ਗ਼ਜ਼ਲਾਂ ਵੱਖ ਵੱਖ ਬਹਿਰ ਵਿਚ ਮਿਲਦੀਆਂ ਹਨ ਜਿਵੇਂ ਕਿ ਬਹਿਰ ਰਮਲ, ਬਹਿਰ ਹਜਜ, ਫਾਇਲਾਤੁਨ ਅਤੇ ਫਾਇਲਨ ਮੁਤਦਰਿਕ, ਬਹਿਰ ਕਾਮਲ, ਖਫੀਫ਼, ਬਹਿਰ ਮੁਜਾਰਿਆਂ, ਮੁਜਤਸ ਅਤੇ ਤਵੀਲ ਆਦਿ । ਜੰਮੂ ਕਸ਼ਮੀਰ ਦੀ ਭਾਸ਼ਾ ਹੋਣ ਕਰਕੇ ਇਸ ਗ਼ਜ਼ਲ ਪੁਸਤਕ ਵਿਚ ਉਰਦੂ ਦਾ ਪ੍ਰਭਾਵ ਜ਼ਿਆਦਾ ਮਿਲਦਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਬੇਵਫ਼ਾਈ, ਰਿਸ਼ਤੇ, ਇੰਤਜ਼ਾਰ, ਤਨਹਾਈ, ਕਿਰਦਾਰ, ਮਜਬੂਰੀ ਆਦਿ ਵਿਸ਼ਿਆਂ ਨੂੰ ਪਰੋਇਆ ਹੈ। ਪੁਸਤਕ ਦੀ ਸਿਰਲੇਖਤ ਗੱਲ ਪੁਸਤਕ ਦੇ ਪੰਨਾ ਨੰਬਰ 70 ਤੇ ਦਰਜ ਕੀਤੀ ਹੈ। ਇਹ ਇੱਕ ਮੁਹੱਬਤੀ ਗ਼ਜ਼ਲ ਹੈ ਕਿ –

" ਪਾਣੀ ਤੇ ਨੱਚ ਰਹੀ ਲਹਿਰ ਲੱਗੇ ।ਝੀਲ ਪਿੰਡੇ ਤੇ ਲਿਖੀ ਬਹਿਰ ਲੱਗੇ"

–

ਨਾਲ ਚੱਲਣ ਵਾਲੇ ਨੂੰ ਉਹ ਹਮਸਫ਼ਰ ਆਖਦਾ ਹੈ ਤੇ ਸਾਥ ਛੱਡਣ ਵਾਲੇ ਨੂੰ ਬੇਵਫ਼ਾ। ਇਸ ਗ਼ਜ਼ਲ ਵਿੱਚ ਡਲ ਝੀਲ ਦਾ ਜਿਕਰ ਹੁੰਦਾ ਹੈ। ਅਸਲ ਪਿਆਰ ਕਰਨ ਵਾਲੇ ਨੂੰ ਕਿਸੇ ਦਾ ਡਰ ਨਹੀਂ ਹੁੰਦਾ। ਉਹ ਆਖਦਾ ਹੈ ਜੇ ਇਸ਼ਕ ਦਾ ਦਰਿਆ ਤਰਨਾ ਹੈ ਤਾਂ ਜੀਣ ਤੋਂ ਪਹਿਲਾਂ ਮਾਰਨਾ ਪੈਂਦਾ ਹੈ। ਜ਼ਿੰਦਗੀ ਦੀ ਧਾਰਾ ਦੀ ਗੱਲ ਕਰਦੀ ਗੱਲ ਵਿਚ ਉਮਰ ਨੂੰ ਦਰਿਆ ਕੰਢੇ ਖੁਰਦੀ ਰੇਤ ਨਾਲ ਤੁਲਨਾ ਕਰਦਾ ਹੈ। ਰਿਸ਼ਤਿਆਂ ਦੀ ਪਰਪੱਕਤਾ ਨੂੰ ਭੁਲਾਇਆ ਨਹੀਂ ਜਾ ਸਕਦਾ ਜਿਸ ਬਾਰੇ ਗ਼ਜ਼ਲ ਦਾ ਸ਼ਿਅਰ ਦੇਖੋ –

" ਕਿਸ ਤਰ੍ਹਾਂ ਭੁਲਦਾ ਉਸਨੂੰ ਜੋ ਜ਼ਿੰਦਗੀ ਦੇ,
ਕੱਚੇ ਧਾਗੇ ਵਾਂਗ ਉਹ ਰਿਸ਼ਤਾ ਨਹੀਂ ਸੀ। "




ਵਰਤਮਾਨ ਸਮੇਂ ਵਿੱਚ ਹੋ ਰਹੇ ਵਰਤਾਰੇ ਜਿਵੇਂ ਬੰਧ, ਹੜਤਾਲਾਂ, ਨਾਅਰੇ ਅਤੇ ਭਾਸ਼ਣਾ ਬਾਰੇ ਵੀ ਗੱਲ ਕਰਦਾ ਹੈ। ਆਸ਼ਕੀ ਬਾਰੇ ਉਸ ਦਾ ਵਿਚਾਰ ਹੈ ਕਿ ਸ਼ਾਇਰ ਇੱਕ ਪਹਾੜ ਜਿਨ੍ਹਾਂ ਜੇਰਾ ਰੱਖਦਾ ਹੈ ਜਿਹੜਾ ਹਰ ਮੌਸਮ ਦਾ ਸਿਤਮ ਆਪਣੇ ਉਪਰ ਸਹਿੰਦਾ ਹੈ। ਸਮਾਜ ਵਿੱਚ ਪੈਂਦੇ ਧਰਮਾਂ ਦੇ ਸ਼ੋਰ ਦੀ ਗੱਲ ਵੀ ਕਰਦਾ ਹੈ ਜਦੋਂ ਲਿਖਦਾ ਹੈ –

" ਅਪਣੇ ਅਪਣੇ ਰੱਬ ਕਿਤਨਾ ਸ਼ੋਰ ਵੇਖੋ।
ਕੌਣ ਕਿਸ ਤੇ ਹਾਵੀ ਹੁੰਦਾ ਜ਼ੋਰ ਵੇਖੋ।

" ਪੁਸਤਕ ਵਿਚ ਮਾਂ ਦਾ ਦਰਜਾ ਸਭ ਤੋਂ ਉੱਚਾ ਮੰਨਿਆ ਗਿਆ ਹੈ। ਇੱਥੋਂ ਤੱਕ ਕਿ ਉਸ ਦੀ ਮਹੱਤਤਾ ਧਰਤੀ ਤੋਂ ਵੱਧ ਦਰਸਾਈ ਗਈ ਹੈ। ਉਸ ਦੇ ਕੁਝ ਸ਼ਿਅਰ ਗੌਰ ਤਲਬ ਹਨ। ਜਿਵੇਂ ਕਿ –

" ਯਾਰ ਦੇ ਘਰ ਵਲ ਰਾਹ ਜਾਂਦਾ,
ਉਹੀ ਸਵਰਗ ਨੂੰ ਰਾਹ ਜਾਂਦਾ।"

--------

"ਇਕ ਜਮਾਂ ਇਕ ਦੋ ਨਹੀਂ ਕਿੰਝ ਇਕ ਬਣੇ,
ਭੇਦ ਗਹਿਰਾ ਜੋ ਬਤਾਇਆ ਨਾ ਗਿਆ।"

ਅਤੇ

" ਤੂੰ ਨਹੀਂ ਜੈ ਕੋਈ ਬਾਹਰ ਨਹੀਂ।
ਹੋਠਾਂ ਤੇ ਹਾਸੇ ਪਰ ਕਰਾਰ ਨਹੀਂ।"

ਜੰਮੂ ਕਸ਼ਮੀਰ ਦੀਆਂ ਇਹਨਾਂ ਝੀਲਾਂ ਤੇ ਲਿਖੀਆਂ ਗਜ਼ਲਾਂ ਦੇ ਕੁਝ ਉਰਦੂ ਦੇ ਸ਼ਬਦਾਂ ਦੇ ਅਰਥ ਫੁੱਟ ਨੋਟ ਉਪਰ ਦਰਜ ਹਨ। ਉਸ ਇਲਾਕੇ ਦੀ ਆਮ ਬੋਲੀ ਵਿੱਚ ਗ਼ਜ਼ਲਾਂ ਲਿਖੀਆਂ ਹੋਈਆਂ ਹਨ। ਕਈ ਗ਼ਜ਼ਲਾਂ ਇੱਕ ਪੰਨੇ ਉਪਰ ਦੋ – ਦੋ ਵੀ ਹਨ। ਜੇਕਰ ਇਹ ਕਹਿ ਲਿਆ ਜਾਵੇ ਕਿ ਇਹ ਇੱਕ ਖੂਬਸੂਰਤ ਗ਼ਜ਼ਲ ਸੰਗ੍ਰਹਿ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਗ਼ਜ਼ਲ ਸੰਗ੍ਰਹਿ ਨੂੰ ਪੜ੍ਹਦਿਆਂ ਦਿਲਚਸਪੀ ਪੈਦਾ ਹੁੰਦੀ ਹੈ। ਇਸ ਪੁਸਤਕ ਲਈ ਪਾਂਧੀ ਸਾਬ੍ਹ ਨੂੰ ਦਿਲੀ ਮੁਬਾਰਕਬਾਦ।



**ਰਿਵਿਊਕਾਰ**
**ਤੇਜਿੰਦਰ ਚੰਡਿਹੋਕ**
**ਸਾਬਕਾ ਏ ਐਸ ਪੀ (ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ)**
**ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**
**ਸੰਪਰਕ ਨੰਬਰ 95010-00224**

# ਮਨਰੇਗਾ ਤੋਂ ਨਵੀਂ ਸਕੀਮ ਤੱਕ: ਰੁਜ਼ਗਾਰ ਨੀਤੀ ’ਚ ਬਦਲਾਅ ਅਤੇ ਉਸਦੇ ਪ੍ਰਭਾਵ

ਦੇਸ਼ ਦੀ ਪੇਂਡੂ ਰੁਜ਼ਗਾਰ ਨੀਤੀ ਨੂੰ ਲੈ ਕੇ ਇੱਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ। ਕੇਂਦਰ ਸਰਕਾਰ ਵੱਲੋਂ ਪੁਰਾਣੀ ਮਗਨਰੇਗਾ ਯੋਜਨਾ ਵਿੱਚ ਕੀਤੇ ਗਏ ਬਦਲਾਅ ਅਤੇ ਨਵੀਂ ਸਕੀਮ ਲਿਆਂਦੇ ਜਾਣ ਤੋਂ ਬਾਅਦ ਸਿਆਸੀ ਅਤੇ ਸਮਾਜਿਕ ਵਰਗਾਂ ਵਿੱਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ। ਸਮਰਥਕ ਇਸਨੂੰ ਨਵੀਂ ਦਿਸ਼ਾ ਦੱਸ ਰਹੇ ਹਨ, ਜਦਕਿ ਆਲੋਚਕ ਇਸਨੂੰ ਪੇਂਡੂ ਗਰੀਬਾਂ ਦੇ ਹੱਕਾਂ ਵਿੱਚ ਕਮੀ ਵਜੋਂ ਵੇਖ ਰਹੇ ਹਨ।

**ਮਨਰੇਗਾ: ਇੱਕ ਪਿਛੋਕੜ**

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗ-ਾਰ ਗਾਰੰਟੀ ਐਕਟ (ਘ਼ੑਓਘਅ) 2005 ਵਿੱਚ ਲਾਗੂ ਕੀਤਾ ਗਿਆ ਸੀ। ਇਸ ਦਾ ਮੁੱਖ ਮਕਸਦ ਪੇਂਡੂ ਇਲਾਕਿਆਂ ਦੇ ਬੇਰੁਜ਼ਗਾਰ ਜਾਂ ਘੱਟ-ਹੁਨਰਮੰਦ ਲੋਕਾਂ ਨੂੰ ਸਾਲ ਵਿੱਚ ਘੱਟੋ-ਘੱਟ 100 ਦਿਨ ਦਾ ਕੰਮ ਮੁਹੱਈਆ ਕਰਵਾਉਣਾ ਸੀ। ਇਹ ਸਕੀਮ ਸਿਰਫ ਰੁਜ਼ਗਾਰ ਹੀ ਨਹੀਂ ਦਿੰਦੀ ਸੀ, ਸਗੋਂ ਇੱਕ ਕਾਨੂੰਨੀ ਗਾਰੰਟੀ ਵੀ ਦਿੰਦੀ ਸੀ — ਅਰਥਾਤ ਜੇ ਨਿਰਧਾਰਿਤ ਸਮੇਂ ਵਿੱਚ ਕੰਮ ਨਾ ਮਿਲੇ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਲਾਜਮੀ ਸੀ।

ਇਸ ਯੋਜਨਾ ਵਿੱਚ ਕੇਂਦਰ ਸਰਕਾਰ ਵੱਡਾ ਹਿੱਸਾ ਫੰਡ ਦਾ ਦਿੰਦੀ ਸੀ ਅਤੇ ਪੰਚਾਇਤਾਂ ਨੂੰ ਲਾਗੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਮਿਲੀ ਹੋਈ ਸੀ। ਔਰਤਾਂ ਦੀ ਭਾਗੀਦਾਰੀ ਵੀ ਇਸ ਸਕੀਮ ਵਿੱਚ ਕਾਫੀ ਉੱਚੀ ਰਹੀ।

ਨਵੀਂ ਸਕੀਮ ਦੇ ਮੁੱਖ ਤੱਤ



ਨਵੀਂ ਪੇਂਡੂ ਰੁਜ਼ਗਾਰ ਯੋਜਨਾ ਤਹਿਤ ਕੁਝ ਅਹਿਮ ਬਦਲਾਅ ਕੀਤੇ ਗਏ ਹਨ:

ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਪਹਿਲਾਂ ਵਰਗੀ ਮਜ਼ਬੂਤ ਨਹੀਂ ਰਹੀ। ਕੰਮ ਦੇ ਦਿਨਾਂ ਦੀ ਗਿਣਤੀ ਵਧਾਉਣ ਦਾ ਦਾਅਵਾ ਕੀਤਾ ਗਿਆ ਹੈ, ਪਰ ਇਸ ਦੀ ਹਕੀਕਤੀ ਲਾਗੂਤਾ ਉੱਤੇ ਸਵਾਲ ਖੜੇ ਹੋ ਰਹੇ ਹਨ। ਫੰਡਿੰਗ ਮਾਡਲ ਵਿੱਚ ਤਬਦੀਲੀ ਕਰਕੇ ਸੂਬਿਆਂ ਉੱਤੇ ਵੱਧ ਵਿੱਤੀ ਭਾਰ ਪੈ ਸਕਦਾ ਹੈ।

ਕੇਂਦਰ ਸਰਕਾਰ ਨੂੰ ਬਜਟ ਵੰਡਣ ਵਿੱਚ ਵੱਧ ਨਿਯੰਤਰਣ ਮਿਲ ਸਕਦਾ ਹੈ। ਖੇਤੀ ਦੇ ਮੌਸਮ ਦੌਰਾਨ ਕੰਮ ਦੇ ਮੌਕਿਆਂ ਉੱਤੇ ਸੀਮਾਵਾਂ ਲਗਾਉਣ ਦੀ ਗੱਲ ਵੀ ਕੀਤੀ ਜਾ ਰਹੀ ਹੈ।

ਆਰਥਿਕ ਤੇ ਸਿਆਸੀ ਸੰਦਰਭ

ਕੁਝ ਵਿਸ਼ਲੇਸ਼ਕ ਮੰਨਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਬਜਟ ਕਟੌਤੀਆਂ ਅਤੇ ਵਿੱਤੀ ਦਬਾਅ ਕਾਰਨ ਸਰਕਾਰਾਂ ਵੱਲੋਂ ਭਲਾਈ ਸਕੀਮਾਂ ਦੀ ਬਣਤਰ ਬਦਲੀ ਜਾ ਰਹੀ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਪੇਂਡੂ ਆਮਦਨ ਵਿੱਚ ਉਤਾਰ-ਚੜ੍ਹਾਅ ਨੇ ਰੁਜ਼ਗਾਰ ਯੋਜਨਾਵਾਂ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੱਤਾ ਹੈ। ਦੂਜੇ ਪਾਸੇ, ਸਰਕਾਰ ਦਾ ਮਤ ਹੈ ਕਿ ਨਵੀਂ ਬਣਤਰ ਰਾਹੀਂ ਯੋਜਨਾ ਨੂੰ ਵਧੇਰੇ ਲਚਕੀਲਾ ਅਤੇ ਵਿਕਾਸ ਕੇਂਦਰਿਤ ਬਣਾਇਆ ਜਾ ਸਕਦਾ ਹੈ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਜੇ ਗਾਰੰਟੀ ਵਾਲਾ ਤੱਤ ਕਮਜ਼ੋਰ ਹੋਇਆ ਤਾਂ ਪੇਂਡੂ ਮਜ਼ਦੂਰ ਵਰਗ ਲਈ ਸੁਰੱਖਿਆ ਘੱਟ ਹੋ ਸਕਦੀ ਹੈ।

**ਅੱਗੇ ਦਾ ਰਸਤਾ**

ਇਹ ਸਪਸ਼ਟ ਹੈ ਕਿ ਪੇਂਡੂ ਰੁਜ਼ਗਾਰ ਯੋਜਨਾਵਾਂ ਸਿਰਫ ਆਰਥਿਕ ਮਾਮਲਾ ਨਹੀਂ, ਸਗੋਂ ਸਿਆਸੀ ਅਤੇ ਸਮਾਜਿਕ ਚਰਚਾ ਦਾ ਕੇਂਦਰ ਵੀ ਹਨ। ਅਗਲੇ ਸਮੇਂ ਵਿੱਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਨਵੀਂ ਨੀਤੀ ਹਕੀਕਤ ਵਿੱਚ ਕਿੰਨਾ ਰੁਜ਼ਗਾਰ ਪੈਦਾ ਕਰਦੀ ਹੈ ਅਤੇ ਕੀ ਇਹ ਪੇਂਡੂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਜਾਂ ਨਹੀਂ।

ਗੁਰਭਿੰਦਰ ਗੁਰੀ
watsapp +447951 590424

# ਗੁਰਬਾਣੀ ਗਾਵਹ ਭਾਈ

ਗੁਰਬਾਣੀ ਗੁਰਸਿੱਖ ਦਾ ਜੀਵਨ ਆਧਾਰ ਹੈ। ਗੁਰਬਾਣੀ ਗਿਆਨ ਹੈ , ਜੀਵਨ ਜਾਚ ਹੈ , ਪ੍ਰੇਰਨਾ ਹੈ , ਅੰਤਰ ਦਾ ਪ੍ਰਕਾਸ਼ ਹੈ, ਆਤਮਿਕ ਚੇਤਨਾ ਦਾ ਅੰਮ੍ਰਿਤ ਹੈ । ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਮਨੁੱਖਤਾ ਨਾਲ ਸੰਵਾਦ ‘ਤੇ ਉੱਧਾਰ ਦੀ ਪਰੰਪਰਾ ਸਥਾਪਿਤ ਕੀਤੀ ਜੋ ਨਿਰੰਤਰ ਅੱਗੇ ਵੱਧਦੀ ਗਈ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਬਾਣੀ ਦਾ ਅਨਮੋਲ ਖਜਾਨਾ ਬਖਸ਼ਣ ਦਾ ਮਹਾਨ ਉਪਕਾਰ ਕੀਤਾ “ ਭਗਤਿ ਭੰਡਾਰ ਗੁਰਬਾਣੀ ਲਾਲ “ । ਗੁਰਬਾਣੀ ਆਤਮਿਕ ਆਨੰਦ ਤੇ ਤ੍ਰਿਪਤੀ ਦਾ ਸਦੀਵੀ ਸ੍ਰੋਤ ਬਣ ਗਈ ” ਗਾਵਤ ਸੁਨਤ ਕਮਾਵਤ ਨਿਹਾਲ “ । ਗੁਰਬਾਣੀ ਪੜ੍ਹਨਾ , ਸੁਣਨਾ ਗੁਰਸਿੱਖ ਦਾ ਨਿਤਨੇਮ ਹੈ। ਸਿੱਖ ਪੰਥ ਦੀ ਵਿਧੀਵਤ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਅਨੁਸਾਰ “ ਗੁਰਬਾਣੀ ਦਾ ਅਸਰ ਸਾਧ ਸੰਗਤ ‘ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ - ਮੇਲੇ ਦੇ ਅਸਥਾਨਾਂ - ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ ” । ਅੱਜ ਪੂਰੇ ਵਿਸ਼ਵ ਵਿੱਚ ਤੇਜੀ ਨਾਲ ਗੁਰਦੁਆਰਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇੱਕ ਇੱਕ ਪਿੰਡ ਵਿੱਚ ਹੀ ਇੱਕ ਤੋਂ ਜਿਆਦਾ ਗੁਰਦੁਆਰੇ ਮਿਲ ਜਾਣਗੇ। ਗੁਰਦੁਆਰਿਆਂ ਵਿੱਚ ਬਾਕਾਇਦਾ ਨਿਯੁਕਤ ਕੀਤੇ ਗਏ ਰਾਗੀ ਜੱਥੇ ਗੁਰਬਾਣੀ ਦਾ ਗਾਇਨ ਕਰਦੇ ਹਨ। ਇਸ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਗੁਰਬਾਣੀ ਗਾਇਨ ਲਈ ਕੀਰਤਨ ਸ਼ਬਦ ਵਰਤਿਆ ਗਿਆ ਹੈ ਅਤੇ ਮੁੱਢਲੀ ਮਰਿਆਦਾ ਦਾ ਜਿਕਰ ਕੀਤਾ ਗਿਆ ਹੈ । ਇਸ ਅਨੁਸਾਰ “ ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ ” । ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੰਗ ੧੪ ਤੋਂ ਅੰਗ ੧੩੫੩ ਤੱਕ ਸੁਸ਼ੋਭਿਤ ਬਾਣੀ ਰਾਗ ਅਧਾਰਤ ਹੈ। ਬਾਣੀ ਕੁੱਲ ੩੧ ਰਾਗਾਂ ਵਿੱਚ ਹੈ। ਇਹ ਵੱਖ ਹੈ ਕਿ ਜਿਆਦਾਤਰ ਗੁਰਦੁਆਰਿਆਂ ਵਿੱਚ ਗੁਰਬਾਣੀ ਦਾ ਗਾਇਨ ਸਬੰਧਤ ਰਾਗਾਂ ਦੇ ਅਧੀਨ ਨਹੀਂ ਹੋ ਰਿਹਾ ਪਰ ਫਿਰ ਵੀ ਉਸ ਨੂੰ ਕੀਰਤਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਰਿਹਾ ਹੈ। ਜਿਆਦਾਤਰ ਰਾਗੀ ਜੱਥੇ ਆਪੋ ਆਪਣੇ ਢੰਗ ਨਾਲ ਸ਼ਬਦਾਂ ਨੂੰ ਸੁਰ ਦੇ ਕੇ ਮਨੋਹਰਨ ਬਣਾਉਣ ਦਾ ਜਤਨ ਕਰਦੇ ਰਹਿੰਦੇ ਹਨ। ਰਾਗਾਂ ਦੀ ਸਮਝ ਨਾ ਹੋਣ ਕਾਰਨ ਸੰਗਤ ਉਸ ਨੂੰ ਸਵੀਕਾਰ ਕਰਦੀ ਆ ਰਹੀ ਹੈ। ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਸੀ “ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ” । ਬਾਣੀ ਨੂੰ ਰਾਗ ਬੱਧ ਕਰਨ ਪਿੱਛੇ ਇੱਕ ਨਿਸ਼ਚਿਤ ਸਿਧਾਂਤ ਸੀ ਗੁਰਸਿੱਖ ਦੇ ਅੰਤਰ ਵਿਚ ਅਨਹਦ ਨਾਦ ਜਾਗ੍ਰਤ ਕਰਨ ਦਾ “ ਗੁਰ ਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ “ ਪਰ ਰਾਗਾਂ ਤੋਂ ਅਵੇਸਲੇ ਹੋਣ ਕਾਰਨ ਗੁਰਸਿੱਖ ਅੱਜ ਉਸ ਪਰਮ ਦਾਤ ਤੋਂ ਵਾਂਝਾ ਹੋ ਰਿਹਾ ਹੈ। ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਗੁਰੂ ਦੇ ਜਿਸ ਸਵਰੂਪ ਦੇ ਦਰਸ਼ਨ ਕਰਾਉਣਾ ਚਾਹੁੰਦੇ ਹਨ , ਜਿਸ ਅੰਮ੍ਰਿਤ ਨਾਲ ਨਿਵਾਜਣਾ ਚਾਹੁੰਦੇ ਹਨ ਉਸ ਤੋਂ ਦੂਰ ਹੋਣ ਕਾਰਨ ਗੁਰਸਿੱਖ ਨਿਤ ਗੁਰਬਾਣੀ ਸਰਵਣ ਕਰਨ ਤੋਂ ਬਾਅਦ ਵੀ ਅਤ੍ਰਿਪਤ ਹੀ ਰਹਿ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਵਚਨ ਸੀ ਕਿ ਬਾਣੀ ਨੂੰ ਪੜ੍ਹਨ , ਸੁਨਣ ਦੇ ਨਾਲ ਹੀ ਵਿਚਾਰਨਾ ਵੀ ਹੈ ” ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ “ । ਕੀਰਤਨ ਸਰਵਣ ਕਰਨਾ ਗੁਰਬਾਣੀ ਨੂੰ ਵਿਚਾਰਨ ਦਾ ਅਉਸਰ ਵੀ ਹੈ। ਗੁਰਬਾਣੀ ਆਪਣੇ ਆਪ ਵਿੱਚ ਇੱਕ ਗੰਭੀਰ ਵਿਚਾਰ ਹੈ “ ਸਬਦੁ ਗੁਰ ਪੀਰਾ ਗਹਿਰ ਗੰਭੀਰਾ ” । ਗੁਰਬਾਣੀ ਦਾ ਵਿਚਾਰ ਨਾ ਕਰਨਾ ਸ਼ਬਦ ਗੁਰੂ ਦਾ ਅਨਾਦਰ ਹੀ ਕਿਹਾ ਜਾਵੇਗਾ। ਰਾਗ ਬਾਣੀ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ ਤੇ ਮਨ ਨੂੰ ਗੰਭੀਰਤਾ ਧਾਰਨ ਕਰਨ ਲਈ ਤਿਆਰ ਕਰਦੇ ਹਨ। ਬਿਨਾ ਰਾਗਾਂ ਦੇ ਗਾਇਨ ਕੀਤੀ ਜਾ ਰਹੀ ਬਾਣੀ ਕੁੱਝ ਸਮੇਂ ਲਈ ਮਨ ਨੂੰ ਬੰਨ ਤਾਂ ਸਕਦੀ ਹੈ ਪਰ ਮਨ ਅੰਦਰ ਵੱਸ ਜਾਵੇ ਇਹ ਸੰਭਵ ਨਹੀਂ ਹੁੰਦਾ । ਬਿਨਾ ਰਾਗ ਦੇ ਸ਼ਬਦ ਗਾਇਨ ਆਮ ਤੌਰ ਤੇ ਮਨ ਨੂੰ ਧੁੰਨ , ਸ਼ੈਲੀ ਤੇ ਆਵਾਜ ਵਿੱਚ ਕੈਦ ਕਰ ਲੈਂਦਾ ਹੈ , ਸ਼ਬਦ ਦੇ ਸਾਰ ਤੱਤ ਤੱਕ ਪੁੱਜਣ ਹੀ ਨਹੀਂ ਦਿੰਦਾ। ਇਹ ਮੁੱਖ ਕਾਰਨ ਹੈ ਕਿ ਖਾਸ ਰਾਗੀ ਜੱਥਿਆਂ ਤੋਂ ਖਾਸ ਸ਼ਬਦਾਂ ਦੇ ਗਾਇਨ ਦੀ ਮੰਗ ਕਰਦਿਆਂ ਅਕਸਰ ਵੇਖਿਆ ਜਾਂਦਾ ਹੈ ਜਬਕਿ ਹਰ ਸ਼ਬਦ ਹੀ ਅਣਮੋਲ ਪ੍ਰੇਰਣਾ ਹੈ ।

ਗੁਰਬਾਣੀ ਧੁਰ ਕੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜੋਤ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਪੂਰੀ ਗੁਰਬਾਣੀ ਦੀ ਮਹੱਤਤਾ ਇੱਕ ਸਮਾਨ ਤਲ ਪ੍ਰਾਪਤ ਕਰ ਲੈਂਦੀ ਹੈ। ਪਰ ਸਿੱਖ ਰਹਿਤ ਮਰਯਾਦਾ ਵਿੱਚ ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਖਾਸ ਮਾਨਤਾ ਦਿੱਤੇ ਗਈ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ “ ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸਾਦਿ ਲਿਆ ਕੇ ਅਨੰਦ ਸਾਹਿਬ ( ਛੇ ਪਉੜੀਆਂ ) ਦਾ ਪਾਠ ਕਰ ਕੇ ਅਰਦਾਸ ਮਗਰੋਂ ਹੁਕਮ ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸਾਦਿ ਹੋਵੇ , ਫੇਰ ਅਨੰਦ ਸਾਹਿਬ ( ਛੇ ਪਉੜੀਆਂ ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਆਰੰਭ ਕੀਤਾ ਜਾਵੇ” । ਗੁਰਸਿੱਖ ਨੇ ਜਪੁ ਸਾਹਿਬ ਦਾ ਪਾਠ ਕਰਨਾ ਹੈ ਤਾਂ ਵੀ “ ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ ( ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਲੀ ਪਉੜੀ ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਦੇ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਦੇ ” । ਇਹ ਰਹਿਤ ਸਾਧਾਰਨ ਪਾਠ ਸਿਰਲੇਖ ਅੰਦਰ ਦਿੱਤੀ ਗਈ ਹੈ। ਇਹ ਮਰਿਆਦਾ ਬਣ ਗਈ ਹੈ ਕਿ ਗੁਰਦੁਆਰੇ ਵਿੱਚ ਹਰ ਦੀਵਾਨ ਦੀ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਹੀ ਹੁੰਦੀ ਹੈ ਉਸ ਤੋਂ ਬਾਅਦ ਅਰਦਾਸ ਅਤੇ ਹੁਕਮ ਲਿਆ ਜਾਂਦਾ ਹੈ।ਦੀਵਾਨ ਕਿਸੇ ਵੀ ਮਨੋਰਥ ਹਿੱਤ ਸਜਾਇਆ ਗਿਆ ਹੋਵੇ , ਸਮਾਂ ਕੋਈ ਵੀ ਹੋਵੇ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਨਾਲ ਹੀ ਹੁੰਦੀ ਹੈ । ਇਹ ਬਾਣੀ ਕਿਉਂ ਖਾਸ ਹੈ ਇਸ ਨੂੰ ਵਿਚਾਰਨ ਦੀ ਲੋੜ ਹੈ।ਕੁੱਝ ਦਾ ਖਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਵਿੱਚੋਂ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਪੂਰੀ ਸੋਚ ਵਿਚਾਰ ਤੋਂ ਬਾਅਦ ਚੁਣ ਕੇ ਮਹੱਤਵਪੂਰਨ ਸਮਝਿਆ ਗਿਆ।

ਅਨੰਦ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੧੭ ਤੋਂ ਅੰਗ ੯੨੨ ਤੱਕ ਸੁਸ਼ੋਭਿਤ ਹੈ। ਸਿਰਲੇਖ ਪ੍ਰਾਪਤ ਕੁੱਝ ਬਾਣੀਆਂ ਵਿੱਚੋਂ ਇਹ ਇੱਕ ਹੈ ਜਿਸ ਦਾ ਸਿਰਲੇਖ “ ਅਨੰਦੁ “ ਹੈ। ਇਸ ਵਿਚ ੪੦ ਪਉੜੀਆਂ ਹਨ। ਇਹ ਬਾਣੀ ਰਾਮਕਲੀ ਰਾਗ ਅਧੀਨ ਉਚਾਰੀ ਗਈ ਹੈ। ਰਾਗ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗੀਤ ਅਨੁਸਾਰ ਅਜਿਹਾ ਸੁਰ ਪ੍ਰਬੰਧ ਕਿਹਾ ਹੈ ਜਿਸ ਨੂੰ ਸੁਣ ਕੇ ਮਨ ਵਿੱਚ ਪ੍ਰੇਮ ਉਪਜੈ। ਰਾਮਕਲੀ ਰਾਗ ਦਾ ਸਵੇਰੇ ਦੇ ਰਾਗਾਂ ਵਿੱਚ ਮੁੱਖ ਅਸਥਾਨ ਹੈ। ਇਹ ਰਾਗ ਮਨ ਨੂੰ ਪਹਿਲਾਂ ਬੰਨਦਾ ਹੈ ਫਿਰ ਅੰਮ੍ਰਿਤ ਬਰਖਾ ਨਾਲ ਨਿਹਾਲ ਕਰਦਾ ਹੈ। ਇਹ ਭੈਰਵ ਥਾਟ ਦਾ ਰਾਗ ਹੈ। ਇਸ ਦੇ ਗਾਇਨ ਵਿੱਚ ਕੋਮਲ , ਤੀਵ੍ਰ ਮੱਧਮ ਅਤੇ ਕੋਮਲ ਨਿਸ਼ਾਦ ਸੁਰ ਲੱਗਦੇ ਹਨ। ਵਿਦਵਾਨਾਂ ਅਨੁਸਾਰ ਇਸ ਰਾਗ ਤੋਂ ਸ਼ਾਂਤੀ , ਭਗਤੀ ਅਤੇ ਦਇਆ ਰਸ ਪੈਦਾ ਹੁੰਦਾ ਹੈ। ਇਹ ਸੱਚ ਨਾਲ ਜੋੜ ਕੇ ਭਗਤੀ ਭਾਵ ਪੈਦਾ ਕਰਨ ਵਾਲਾ ਹੈ।ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਦਾ ਆਰੰਭ ਹੀ ਅੰਮ੍ਰਿਤ ਬਰਖਾ ਤੋਂ ਹੁੰਦਾ ਹੈ “ ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ “ । ਇਹ ਪਾਵਨ ਪੰਕਤੀ ਗੁਰਸਿੱਖ ਦੇ ਮਨ ਅੰਦਰ ਵਿਚਾਰ ਦ੍ਰਿੜ੍ਹ ਕਰਦੀ ਹੈ ਕਿ ਸਤਿਗੁਰੂ ਨਾਲ ਮੇਲ ਆਨੰਦ ਪੈਦਾ ਕਰਨ ਵਾਲਾ ਹੈ , ਸਾਰੇ ਦੁੱਖਾਂ , ਚਿੰਤਾਵਾਂ ਤੋਂ ਮੁਕਤ ਕਰ ਅਚਿੰਤ ਹੀ ਨਹੀਂ ਪ੍ਰਫੁੱਲਿਤ ਕਰਨ ਵਾਲਾ ਹੈ।ਜਿਸ ਗੁਰਸਿੱਖ ਨੇ ਸਾਧ ਸੰਗਤ ਕੀਤੀ ਹੈ , ਸ਼ਬਦ ਗੁਰੂ ਨਾਲ ਮਨ ਜੋੜਿਆ ਹੈ ਉਸ ਨੂੰ ਇਸ ਮੇਲ ਤੋਂ ਪ੍ਰਾਪਤ ਆਨੰਦ ਦਾ ਅਹਿਸਾਸ ਵੀ ਹੋਣਾ ਚਾਹੀਦੇ। ਗੁਰਬਾਣੀ ਨਾਲ ਜੁੜਨ ਦਾ ਮਨੋਰਥ ਅਗਲੀ ਪੰਕਤੀ ਵਿੱਚ ਗੁਰੂ ਅਮਰਦਾਸ ਸਾਹਿਬ ਨੇ ਪ੍ਰਗਟ ਕੀਤਾ “ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ” । ਗੁਰੂ ਨਾਲ ਮੇਲ , ਗੁਰ ਸ਼ਬਦ ਦਾ ਮਨ ਅੰਦਰ ਵੱਸਣਾ ਸਹਿਜ ਅਵਸਥਾ ਦਾ ਜਨਕ ਹੈ ਜਿਸ ਨੂੰ ਪਰਮ ਅਵਸਥਾ ਮੰਨਿਆ ਗਿਆ ਹੈ। ਸਹਿਜ ਅਵਸਥਾ ਦੀ ਨਿਸ਼ਾਨੀ ਮਨ ਅੰਦਰ ਅਨਹਦ ਨਾਦ ਦਾ ਵੱਜਣ ਲੱਗ ਪੈਣਾ ਹੈ। ਮਨ ਅਪਾਰ ਸੰਤੋਖ ਅਤੇ ਤੀਰਪਤੀ ਦਾ ਅਨੁਭਵ ਕਰਦਾ ਹੈ। ਇਸ ਪ੍ਰੇਰਕ ਸੂਤਰ ਵਾਕ ਨਾਲ ਜੋੜ ਕੇ ਗੁਰੂ ਅਮਰਦਾਸ ਸਾਹਿਬ ਨੇ ਪਰਮਾਤਮਾ ਦੀ ਵਡਿਆਈ ਦੇ ਦਰਸ਼ਨ ਕਰਾਏ ਤੇ ਸਮਰਪਿਤ ਹੋ ਕੇ ਭਗਤੀ ਕਰਨ ਦਾ ਫਲ ਦੱਸਿਆ “ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਇਆ ” । ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਪਉੜੀਆਂ ਤੇ ਅੰਤਮ ਇੱਕ ਪਉੜੀ ਵਿੱਚ ਸੁਨਣ ਅਤੇ ਮਨ ਅੰਦਰ ਵਸਾਉਣ ਦੀ ਹੀ ਗੱਲ ਕੀਤੀ ਗਈ ਹੈ। ਜਦੋਂ ਵੀ ਗੁਰਸਿੱਖ ਗੁਰ ਸ਼ਬਦ ਨਾਲ ਜੁੜ ਕੇ ਪੈਦਾ ਹੋਈ ਆਤਮਿਕ ਅਵਸਥਾ ਤੋਂ ਉਬਰ ਕੇ ਵਿਵਹਾਰਕ ਅਵਸਥਾ ਆਵੇ ਇੱਕ ਸਪਸ਼ਟ ਪ੍ਰੇਰਨਾ , ਸੇਧ ਆਪਣੇ ਚੇਤਨ , ਅਵਚੇਤਨ ਮਨ ਵਿੱਚ ਧਾਰਨ ਕੀਤੀ ਹੋਵੇ ਜੋ ਉਸ ਨੇ ਅੰਤ ਵਿਚ ਸ੍ਰਵਨ ਕੀਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਤੋਂ ਪ੍ਰਾਪਤ ਕੀਤੀ ਹੈ। ਇਨ੍ਹਾਂ ਛੇ ਪਉੜੀਆਂ ਵਿੱਚ ਗੁਰ ਸ਼ਬਦ ਦਾ ਸਾਰ ਨਿਹਿਤ ਹੈ ਜਿਸ ਨੂੰ ਅੰਤਮ ਸੁਨੇਹਾ ਵੀ ਕਿਹਾ ਜਾ ਸਕਦਾ ਹੈ। ਪਰ ਅੱਜ ਦੇ ਹਾਲਾਤ ਕੁੱਝ ਹੋਰ ਹੀ ਬਣ ਗਏ ਹਨ। ਅਰਦਾਸ ਤੋਂ ਪਹਿਲਾਂ ਛੇ ਪਉੜੀਆਂ ਅਨੰਦ ਸਾਹਿਬ ਦੇ ਗਾਇਨ ਨੂੰ ਪੂਰੀ ਤਰਹ ਰਸਮੀ ਬਣਾ ਦਿੱਤਾ ਗਿਆ ਹੈ। ਇਵੇਂ ਤੇ ਇਤਨੀ ਗਤੀ ਨਾਲ ਗਾਇਨ ਕੀਤਾ ਜਾਂਦਾ ਹੈ ਕਿ ਇੱਕ ਪੰਕਤੀ ਹੀ ਸੁਣੀ , ਸਮਝੀ ਨਹੀਂ ਗਈ ਹੁੰਦੀ ਕਿ ਰਾਗੀ ਸਿੰਘ ਅਗਲੀ ਤੀਜੀ , ਚੌਥੀ ਪੰਕਤੀ ਤੇ ਪੁੱਜ ਚੁੱਕੇ ਹੁੰਦੇ ਹਨ। ਇਵੇਂ ਲੱਗਦਾ ਹੈ ਕਿ ਅਨੰਦ ਸਾਹਿਬ ਕਿਸੇ ਮਜਬੂਰੀ ਵਿੱਚ ਗਾਇਨ ਕੀਤਾ ਜਾ ਰਿਹਾ ਹੋਵੇ। ਰਾਗੀ ਜੱਥੇ ਵਿੱਚੋਂ ਵੀ ਇੱਕ ਸਿੰਘ ਦੀ ਪੰਕਤੀ ਪੂਰੀ ਹੋਣ ਤੇ ਨਹੀਂ ਆਉਂਦੀ ਕਿ ਦੂਜੇ ਸਿੰਘ ਦੁਆਰਾ ਅਗਲੀ ਪੰਕਤੀ ਆਰੰਭ ਕਰ ਦਿੱਤੀ ਗਈ ਹੁੰਦੀ ਹੈ। ਦੂਜੇ ਸ਼ਬਦ ਗਾਇਨ ਕਰਦਿਆਂ ਰਾਗੀ ਸਿੰਘ ਅਕਸਰ ਇੱਕ ਹੀ ਪੰਕਤੀ ਨੂੰ ਵਾਰ ਵਾਰ ਪੜ੍ਹਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਮਹੱਤਵਪੂਰਨ ਲੱਗਦਾ ਹੈ। ਇਵੇਂ ਪੜ੍ਹਿਆ ਵੀ ਜਾਣਾ ਚਾਹੀਦੇ। ਪਰ ਅਨੰਦ ਸਾਹਿਬ ਦੇ ਗਾਇਨ ਵਿੱਚ ਸ਼ਾਇਦ ਹੀ ਕਦੇ ਅਜਿਹਾ ਕੀਤਾ ਗਿਆ ਹੋਵੇ। ਜਿਸ ਅਨੰਦ ਸਾਹਿਬ ਦੇ ਸਰਵਣ ਨਾਲ ਮਨ ਵਿੱਚ “ ਮਨਿ ਵਜੀਆ ਵਧਾਇਆ “ ਦਾ ਵਿਗਾਸ ਪੈਦਾ ਹੋਣਾ ਚਾਹੀਦੇ , “ ਸਦਾ ਰਹੁ ਹਰਿ ਨਾਲੇ “ ਦੀ ਅੰਤਰ ਪ੍ਰੇਰਨਾ ਜਾਗ੍ਰਤ ਹੋਣੀ ਚਾਹੀਦੀ ਹੈ ਉਹ ਤਾਂ ਸੰਭਵ ਨਹੀਂ ਹੁੰਦਾ ਇਸ ਦੇ ਉਲਟ ਮਨ ਅਸਹਿਜ ਹੋਣ ਲੱਗਦਾ ਹੈ। ਇਸ ਦਾ ਪ੍ਰਭਾਵ ਇਹ ਹੋ ਰਿਹਾ ਹੈ ਕਿ ਸਾਧ ਸੰਗਤ ਵਿੱਚ ਸ੍ਰਵਨ ਕੀਤੇ ਸ਼ਬਦ ਮਨ ਵਿੱਚ ਭਾਵੇਂ ਚੱਲਦੇ ਰਹਿਣ , ਅਨੰਦ ਸਾਹਿਬ ਦੀ ਇੱਕ ਵੀ ਪੰਕਤੀ ਦਾ ਰਸ ਨਹੀਂ ਬਣਦਾ। ਰਾਗ ਵਿੱਚ ਪੜ੍ਹਨਾ ਤਾਂ ਦੂਰ , ਸਹਿਜ ਭਾਵ ਨਾਲ ਵੀ ਨਾ ਪੜ੍ਹਨਾ ਉਸ ਭਾਵਨਾ ਦਾ ਨਿਰਾਦਰ ਹੈ ਜਿਸ ਤਹਿਤ ਅਨੰਦ ਸਾਹਿਬ ਪੜ੍ਹਨ ਦੀ ਰਹਿਤ ਮਰਿਆਦਾ ਬਣਾਈ ਗਈ ਸੀ। ਇਹ ਨਿਸ਼ਚਿਤ ਤੌਰ ਤੇ ਗੁਰ ਸ਼ਬਦ ਦਾ ਵੀ ਨਿਰਾਦਰ ਹੈ। ਗੁਰਬਾਣੀ ਤਾਂ ਪ੍ਰੇਮ ਭਾਵਨਾ ਦੀ ਬਾਣੀ ਹੈ ਜਿਸ ਨੂੰ ਸਹਿਜ ਵਿਚ ਹੀ ਗਾਇਨ ਕਰਨਾ ਮਨੋਰਥ ਸਿੱਧ ਕਰਦਾ ਹੈ “ ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ ॥ ” । ਰਾਗ ਤੋਂ ਬਾਹਰ ਗੁਰਬਾਣੀ ਦਾ ਗਾਇਨ ਸਿੱਖ ਰਹਿਤ ਮਰਯਾਦਾ ਅਨੁਸਾਰ ਜੇ ਕੀਰਤਨ ਨਹੀਂ ਮੰਨਿਆ ਜਾ ਸਕਦਾ , ਸਹਿਜ ਵੀ ਗਾਇਨ ਨਾ ਕਰਨਾ ਤਾਂ ਗਾਇਨ ਦੇ ਮਨੋਰਥ ਤੋਂ ਹੀ ਦੂਰ ਕਰ ਦਿੰਦਾ ਹੈ। ਇਹ ਗੰਭੀਰ ਵਿਸ਼ਾ ਹੈ। ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦੇ ਗਾਇਨ ਨੂੰ ਰਾਗ ਅਧਾਰਿਤ ਅਤੇ ਸਹਿਜ ਬਣਾਉਣ ਲਈ ਦ੍ਰਿਸ਼ਟੀ ਸੁਧਾਰ ਦੀ ਸਖਤ ਲੋੜ ਹੈ। ਜਿਵੇਂ ਕਿਸੇ ਹੋਰ ਸ਼ਬਦ ਦਾ ਗਾਇਨ ਕਰਦਿਆਂ ਉਚਿਤ ਸਮਾਂ ਲਾਇਆ ਜਾਂਦਾ ਹੈ , ਅਨੰਦ ਸਾਹਿਬ ਪੜ੍ਹਨ ਲਈ ਵੀ ਉਚਿਤ ਸਮਾਂ ਲਾਇਆ ਜਾਣਾ ਚਾਹੀਦੇ। ਇਹ ਕਿਸੇ ਵੀ ਸਮਾਗਮ ਦਾ ਅੰਤਮ ਸੁਨੇਹਾ ਹੁੰਦਾ ਹੈ ਇਸ ਕਾਰਨ ਇਸ ਨੂੰ ਤਾਂ ਵਾਧੂ ਭਾਵਨਾ ਨਾਲ ਪੜ੍ਹਨਾ ਤੇ ਸੁਣਨਾ ਚਾਹੀਦੇ।



ਡਾ. ਸਤਿੰਦਰ ਪਾਲ ਸਿੰਘ
ਈ 1716 ,
ਰਾਜਾਜੀਪੁਰਾਮ
ਲਖਨਊ - 226017
ਈ ਮੇਲ -
akaalpurkh.7@gmial.com

# ਦੌੜ ਦੇ ਸਰੀਰਕ ਕਾਰਜ

ਆਧੁਨਿਕ ਯੁੱਗ ਜ਼ਿਆਦਾ ਬੈਠਕ ਵਾਲੀ ਜੀਵਨ ਸ਼ੈਲੀ, ਤਕਨੀਕੀ ਨਿਰਭਰਤਾ ਅਤੇ ਵੱਧ ਰਹੀਆਂ ਸਰੀਰਕ ਬਿਮਾਰੀਆਂ ਨਾਲ ਚਿੰਨ੍ਹਿਤ ਹੈ। ਇਸ ਯੁੱਗ ਵਿੱਚ ਦੌੜ ਇੱਕ ਐਸੀ ਕਸਰਤ ਵਜੋਂ ਸਾਹਮਣੇ ਆਉਂਦੀ ਹੈ ਜੋ ਸਭ ਤੋਂ ਆਸਾਨ, ਸਸਤੀ ਅਤੇ ਵਿਗਿਆਨਕ ਤੌਰ 'ਤੇ ਸਾਬਤ ਸਰੀਰਕ ਗਤੀਵਿਧੀਆਂ ਵਿੱਚੋਂ ਇੱਕ ਹੈ। ਜਿੱਥੇ ਜਟਿਲ ਫਿੱਟਨੈੱਸ ਪ੍ਰੋਗਰਾਮਾਂ ਲਈ ਖ਼ਾਸ ਸਾਜ਼ੋ-ਸਾਮਾਨ ਜਾਂ ਸਹੂਲਤਾਂ ਦੀ ਲੋੜ ਹੁੰਦੀ ਹੈ, ਉੱਥੇ ਦੌੜ ਘੱਟ ਸਰੋਤਾਂ ਨਾਲ ਹੀ ਗਹਿਰੇ ਸਰੀਰਕ ਅਤੇ ਮਾਨਸਿਕ ਲਾਭ ਦਿੰਦੀ ਹੈ। ਆਧੁਨਿਕ ਇਲਾਜ਼ ਪ੍ਰਣਾਲੀ ਦੀਆਂ ਖੋਜਾਂ ਦੌੜ ਨੂੰ ਰੋਕਥਾਮੀ ਸਿਹਤ ਸੰਭਾਲ, ਦਿਲ ਦੀ ਤੰਦਰੁਸਤੀ, ਮੈਟਾਬੋਲਿਕ ਸੰਤੁਲਨ ਅਤੇ ਲੰਬੀ ਉਮਰ ਲਈ ਬੁਨਿਆਦੀ ਅਧਾਰ ਮੰਨਦੀ ਹੈ।

ਦੌੜ ਸਮੇਂ ਸਰੀਰ ਦੇ ਅੰਦਰ ਕੀ ਹੁੰਦਾ ਹੈ?
ਦੌੜ ਇੱਕ ਗਤੀਸ਼ੀਲ ਸਰੀਰਕ ਗਤੀਵਿਧੀ ਹੈ ਜੋ ਇਕੱਠੇ ਕਈ ਅੰਗ ਪ੍ਰਣਾਲੀਆਂ ਨੂੰ ਸਰਗਰਮ ਕਰਦੀ ਹੈ। ਇਹ ਮੁੱਖ ਤੌਰ 'ਤੇ ਦਿਲ-ਰੱਤ ਪ੍ਰਣਾਲੀ, ਸਾਹ ਪ੍ਰਣਾਲੀ, ਮਾਸਪੇਸ਼ੀਆਂ ਦੀ ਕਾਰਜ ਪ੍ਰਣਾਲੀ, ਅੰਦਰੂਨੀ ਸਾਹ ਪ੍ਰਣਾਲੀ ਅਤੇ ਤੰਤਰਿਕ ਪ੍ਰਣਾਲੀ ਨੂੰ ਚੁਣੌਤੀ ਦਿੰਦੀ ਹੈ।

ਦਿਲ ਅਤੇ ਰੱਤ ਪ੍ਰਣਾਲੀ ਵਿੱਚ ਬਦਲਾਅ
ਦੌੜ ਦਿਲ ਦੀ ਮਾਸਪੇਸ਼ੀ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਹਰ ਧੜਕਣ ਨਾਲ ਪੰਪ ਹੋਣ ਵਾਲੇ ਰੱਤ ਦੀ ਮਾਤਰਾ ਵਧਾਉਂਦੀ ਹੈ। ਸਮੇਂ ਦੇ ਨਾਲ ਆਰਾਮ ਦੀ ਅਵਸਥਾ ਵਿੱਚ ਦਿਲ ਦੀ ਧੜਕਣ ਘੱਟ ਜਾਂਦੀ ਹੈ, ਜੋ ਦਿਲ ਦੀ ਕੁਸ਼ਲਤਾ ਵੱਧਣ ਦਾ ਸੰਕੇਤ ਹੈ। ਨਿਯਮਿਤ ਦੌੜ ਨਾਲ ਨਸਾਂ ਦੀ ਲਚਕਤਾ ਵਧਦੀ ਹੈ, ਧਮਨੀਆਂ ਦੀ ਕਠੋਰਤਾ ਘੱਟਦੀ ਹੈ ਅਤੇ ਰੱਤ ਸੰਚਾਰ ਸੁਧਰਦਾ ਹੈ। ਇਸ ਨਾਲ ਉੱਚ ਰੱਤ ਦਾ ਦਬਾਅ ,ਦਿਲ ਦੀਆਂ ਬਿਮਾਰੀਆਂ ਅਤੇ ਸਟ੍ਰੋਕ ਦਾ ਖ਼ਤਰਾ ਘੱਟਦਾ ਹੈ।

**ਸਾਹ ਲੈਣ ਦੀ ਸਮਰੱਥਾ**

ਦੌੜ ਫੇਫੜਿਆਂ ਦੀ ਸਮਰੱਥਾ ਵਧਾਉਂਦੀ ਹੈ ਅਤੇ ਆਕਸੀਜਨ ਦੇ ਜਜ਼ਬੇ ਨੂੰ ਸੁਧਾਰਦੀ ਹੈ, ਜੋ ਐਰੋਬਿਕ ਫਿਟਨੈੱਸ ਦਾ ਮੁੱਖ ਸੰਕੇਤ ਹੈ। ਇਸ ਨਾਲ ਟਿਸ਼ੂਆਂ ਤੱਕ ਆਕਸੀਜਨ ਦੀ ਸਪਲਾਈ ਅਤੇ ਕੋਸ਼ਿਕਾਈ ਊਰਜਾ ਉਤਪਾਦਨ ਵੱਧਦਾ ਹੈ।



ਮੈਟਾਬੋਲਿਕ ਸੰਤੁਲਨ
ਦੌੜ ਇੰਸੁਲਿਨ ਸੰਵੇਦਨਸ਼ੀਲਤਾ ਵਧਾਉਂਦੀ ਹੈ ਅਤੇ ਮਾਸਪੇਸ਼ੀਆਂ ਦੁਆਰਾ ਗਲੂਕੋਜ਼ ਦੀ ਵਰਤੋਂ ਸੁਧਾਰਦੀ ਹੈ। ਇਹ ਪੇਟ ਦੀ ਚਰਬੀ ਘਟਾਉਂਦੀ ਹੈ ਅਤੇ ਚੰਗੇ ਕੋਲੇਸਟਰੋਲ (ਧ.ਲ) ਨੂੰ ਵਧਾਉਂਦੀ ਅਤੇ ਮੰਦੇ ਕੋਲੇ-ਸਟਰੋਲ (.ਲਧ.ਲ) ਅਤੇ ਟ੍ਰਾਈਗਲਿਸਰਾਈਡ ਘਟਾਉਂਦੀ ਹੈ। ਇਸ ਨਾਲ ਟਾਈਪ-2 ਸ਼ੂਗਰ ਅਤੇ ਮੈਟਾਬੋਲਿਕ ਸਿੰਡਰੋਮ ਦਾ ਖ਼ਤਰਾ ਘਟਦਾ ਹੈ।

**ਮਾਸਪੇਸ਼ੀ ਅਤੇ ਹੱਡੀਆਂ ਦੀ ਮਜ਼ਬੂਤੀ**

ਇਹ ਭ੍ਰਮ ਹੈ ਕਿ ਦੌੜ ਜੋੜਾਂ ਲਈ ਨੁਕਸਾਨਦਾਇਕ ਹੈ। ਦਰਅਸਲ ਸੰਜਮਿਤ ਦੌੜ ਹੱਡੀਆਂ ਦੀ ਸੰਘਣਤਾ ਵਧਾਉਂਦੀ ਹੈ, ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਜੋੜਾਂ ਦੀ ਸਥਿਰਤਾ ਵਧਾਉਂਦੀ ਹੈ।

ਤੰਤਰਿਕ ਅਤੇ ਮਾਨਸਿਕ ਲਾਭ
ਦੌੜ ਨਾਲ ਐਂਡੋਰਫਿਨ, ਸੇਰੋ-ਟੋਨਿਨ ਅਤੇ ਡੋਪਾਮੀਨ ਵਰਗੇ ਰਸਾਇਣ ਨਿਕਲਦੇ ਹਨ, ਜੋ ਮਨੋਦਸ਼ਾ ਸੁਧਾਰਦੇ ਹਨ, ਯਾਦਦਾਸ਼ਤ ਅਤੇ ਭਾਵਨਾਤਮਕ ਸੰਤੁਲਨ ਵੱਧਾਉਂਦੇ ਹਨ। ਇਹ ਚਿੰਤਾ, ਡਿਪ੍ਰੈਸ਼ਨ ਅਤੇ ਤਣਾਅ ਨੂੰ ਘਟਾਉਣ ਵਿੱਚ ਮਦਦਗਾਰ ਹੈ।

ਇੱਕ ਵਿਗਿਆਨਕ ਫਿਟਨੈੱਸ ਰੁਟੀਨ ਵਜੋਂ ਦੌੜ
ਸਭ ਤੋਂ ਵੱਧ ਲਾਭ ਲਈ ਦੌੜ ਨੂੰ ਯੋਜਨਾਬੱਧ ਢੰਗ ਨਾਲ ਕਰਨਾ ਚਾਹੀਦਾ ਹੈ।

**ਦੌੜ ਲਈ ਸਮਾਂ**

ਸਿਹਤ ਵਿਗਿਆਨ ਮਾਹਿਰਾਂ ਅਨੁਸਾਰ ਹਫ਼ਤੇ ਵਿੱਚ 150–300 ਮਿੰਟ ਦਰਮਿਆਨੇ ਦਰਜੇ ਦੀ ਹਲਕੀ ਕਸਰਤ ਦੀ ਸਿਫ਼ਾਰਸ਼ ਕਰਦੇ ਹਨ। ਸ਼ੁਰੂਆਤੀ ਲੋਕਾਂ ਲਈ 20–30 ਮਿੰਟ ਤੇਜ਼ ਚੱਲਣਾ ਅਤੇ ਹਲਕੀ ਦੌੜ ਹਫ਼ਤੇ ਵਿੱਚ 3–4 ਵਾਰ ਉਚਿਤ ਹੈ।

**ਤੀਬਰਤਾ ਦਾ ਨਿਯੰਤਰਣ**

ਵੱਧ ਤੋਂ ਵੱਧ ਦਿਲ ਦੀ ਧੜਕਣ ਦਾ 60–80%

ਟਾਕ ਟੈਸਟ (ਛੋਟੀਆਂ ਵਾਕਾਂ ਵਿੱਚ ਗੱਲ ਕਰ ਸਕਣਾ),ਆਪਣੀ ਮਹਿਸੂਸ ਕੀਤੀ ਥਕਾਵਟ,ਅੱਗੇ ਚੱਲ ਕੇ ਇੰਟਰਵਲ ਟ੍ਰੇਨਿੰਗ ਕੀਤੀ ਜਾ ਸਕਦੀ ਹੈ।



**ਡਾ. ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

**ਵਾਰਮ-ਅੱਪ ਅਤੇ ਕੂਲ-ਡਾਊਨ**

5–10 ਮਿੰਟ ਦਾ ਵਾਰਮ-ਅੱਪ ਮਾਸਪੇਸ਼ੀਆਂ ਨੂੰ ਤਿਆਰ ਕਰਦਾ ਹੈ ਅਤੇ ਸੱਟ ਫੇਟ ਦਾ ਖ਼ਤਰਾ ਘੱਟਾਉਂਦਾ ਹੈ। ਅੰਤ ਵਿੱਚ ਹੌਲੀ ਚਾਲ ਜਾਂ ਹਲਕੀ ਦੌੜ ਨਾਲ ਕੂਲ-ਡਾਊਨ ਕਰਨਾ ਚਾਹੀਦਾ ਹੈ।

**ਦੌੜ ਸ਼ੁਰੂ ਕਰਨ ਤੋਂ ਪਹਿਲਾਂ ਸਾਵਧਾਨੀਆਂ**

**ਮੈਡੀਕਲ ਜਾਂਚ**

40 ਸਾਲ ਤੋਂ ਵੱਧ ਉਮਰ, ਮੋਟਾਪਾ, ਉੱਚ ਰੱਤ ਦਾ ਦਬਾਅ, ਸ਼ੂਗਰ ਜਾਂ ਦਿਲ ਦੀ ਬਿਮਾਰੀ ਵਾਲਿਆਂ ਨੂੰ ਪਹਿਲਾਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

**ਹੌਲੀ ਪ੍ਰਗਤੀ**

ਹਫ਼ਤਾਵਾਰ ਦੌੜ ਦੀ ਦੂਰੀ 10% ਤੋਂ ਵੱਧ ਨਾ ਵਧਾਈ ਜਾਵੇ ਤਾਂ ਜੋ ਸੱਟਾਂ ਤੋਂ ਬਚਿਆ ਜਾ ਸਕੇ।
ਉਚਿਤ ਕੁਸ਼ਨਿੰਗ ਅਤੇ ਆਰਚ ਸਪੋਰਟ ਵਾਲੇ ਜੁੱਤੇ ਜੋੜਾਂ 'ਤੇ ਦਬਾਅ ਘਟਾਉਂਦੇ ਹਨ।
ਘਾਹ ਜਾਂ ਟਰੈਕ ਵਰਗੇ ਨਰਮ ਸਤਹ ਕਕਰੀਟ ਨਾਲੋਂ ਵਧੀਆ ਹੁੰਦੇ ਹਨ।
ਪੂਰੀ ਹਾਈਡ੍ਰੇਸ਼ਨ ਅਤੇ ਸੰਤੁਲਿਤ ਆਹਾਰ ਲਾਜ਼ਮੀ ਹੈ।
ਲਗਾਤਾਰ ਦਰਦ, ਚੱਕਰ, ਛਾਤੀ ਦਰਦ ਜਾਂ ਅਤਿ ਥਕਾਵਟ ਹੋਣ 'ਤੇ ਦੌੜ ਰੋਕ ਕੇ ਡਾਕਟਰ ਨਾਲ ਸੰਪਰਕ ਕਰੋ।

ਵਿਆਪਕ ਸਿਹਤ ਲਾਭ
ਨਿਯਮਿਤ ਦੌੜ ਨਾਲ:
ਦਿਲ ਦੀ ਬਿਮਾਰੀ ਨਾਲ ਮੌਤ ਦਾ ਖ਼ਤਰਾ 30–45% ਘੱਟਦਾ ਹੈ,ਕੁਝ ਕੈਂਸਰਾਂ ਦਾ ਜੋਖਮ ਘੱਟਦਾ ਹੈ,ਰੋਗ ਪ੍ਰਤੀਰੋਧਕ ਸ਼ਕਤੀ ਵੱਧਦੀ ਹੈ,ਯਾਦਦਾਸ਼ਤ ਘੱਟਣ ਦਾ ਖ਼ਤਰਾ ਘੱਟਦਾ ਹੈ

ਲੰਬੀ ਉਮਰ ਅਤੇ ਬੁੱਢਾਪਾ
ਦੌੜ ਨਾਲ ਕੋਸ਼ਿਕਾਵਾਂ ਦੀ ਉਮਰ ਘੱਟਣ ਦੀ ਗਤੀ ਹੌਲੀ ਹੋ ਸਕਦੀ ਹੈ, ਮਾਈਟੋਕਾਂਡਰੀਅਲ ਕਾਰਗੁਜ਼ਾਰੀ ਸੁਧਰਦੀ ਹੈ ਅਤੇ ਸੋਜ਼ ਘੱਟਦੀ ਹੈ।

**ਮਾਨਸਿਕ ਮਜ਼ਬੂਤੀ**

ਦੌੜ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਤਣਾਅ ਸਹਿਣਸ਼ੀਲਤਾ ਵਧਾਉਂਦੀ ਹੈ। ਇਹ ਨੀਂਦ ਦੀ ਗੁਣਵੱਤਾ ਸੁਧਾਰਦੀ ਹੈ ਅਤੇ ਮਾਨਸਿਕ ਸਿਹਤ ਲਈ ਬਿਨਾਂ ਦਵਾਈ ਦੇ ਪ੍ਰਭਾਵਸ਼ਾਲੀ ਢੰਗ ਹੈ।

**ਸੰਭਾਵਿਤ ਖ਼ਤਰੇ**

ਜ਼ਿਆਦਾ ਦੌੜ ਜਾਂ ਬਿਨਾਂ ਆਰਾਮ ਦੇ ਟ੍ਰੇਨਿੰਗ ਨਾਲ ਸੱਟਾਂ ਫੇਟਾਂ ਜਾਂ ਹਾਰਮੋਨਲ ਗੜਬੜ ਹੋ ਸਕਦੀ ਹੈ। ਪਰ ਸੰਯਮਿਤ ਅਤੇ ਵਿਗਿਆਨਕ ਤਰੀਕੇ ਨਾਲ ਕੀਤੀ ਦੌੜ ਸਿਹਤਮੰਦ ਲੋਕਾਂ ਵਿੱਚ ਗਠੀਏ ਨੂੰ ਨਹੀਂ ਵਧਾਉਂਦੀ। ਦੌੜ ਇੱਕ ਵਿਗਿਆਨਕ ਤੌਰ 'ਤੇ ਸਾਬਤ, ਸਸਤੀ ਅਤੇ ਹਰ ਕਿਸੇ ਲਈ ਉਪਲਬਧ ਕਸਰਤ ਹੈ ਜੋ ਦਿਲ ਨੂੰ ਮਜ਼ਬੂਤ ਕਰਦੀ ਹੈ, ਮੈਟਾਬੋਲਿਜ਼ਮ ਸੁਧਾਰਦੀ ਹੈ, ਹੱਡੀਆਂ ਮਜ਼ਬੂਤ ਕਰਦੀ ਹੈ, ਮਨ ਨੂੰ ਸ਼ਾਂਤ ਕਰਦੀ ਹੈ ਅਤੇ ਉਮਰ ਵਧਾਉਂਦੀ ਹੈ। ਆਧੁਨਿਕ ਨਿਸ਼ਕ੍ਰਿਯ ਜੀਵਨਸ਼ੈਲੀ ਵਿੱਚ ਦੌੜ ਸਿਰਫ਼ ਕਸਰਤ ਨਹੀਂ, ਸਗੋਂ ਚਲਦੀ-ਫਿਰਦੀ ਰੋਕਥਾਮੀ ਦਵਾਈ ਹੈ।



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**